# ਜਸਟਿਸ ਫੋਰ ਸਿੱਧੂ ਮੂਸੇਵਾਲਾ


## ਹਿਤੇਸ਼ ਕੁਮਾਰ ਮੁਟਰੇਜਾ


ਉੱਚੀ ਰੱਖੀ ਸੋਚ ਮਾਲਕਾ

ਨਾ ਮੰਨ 'ਚ ਆਵੇ ਖੋਟ ਮਾਲਕਾ

ਆਹੀ ਅਰਦਾਸ ਸਾਡੀ ਰੋਜ਼ ਮਾਲਕਾ

ਸੱਚੇ ਰਹੇ ਸਫ਼ਰਾਂ ਚੱਲਦਿਆਂ

ਸਾਡੀ ਮਿਹਨਤ 'ਚ ਨਾ ਰਹੇ ਕੋਈ

ਟੋਟ ਮਾਲਕਾ


JEC Publication

**ਪ੍ਰਕਾਸ਼ਕ ਅਤੇ ਵਿਤਰਕ**

ਪਹਿਲੀ ਵਾਰ 2023 ਵਿੱਚ ਜੇ. ਈ. ਸੀ ਪਰਕਾਸ਼ਨ  ਦੁਆਰਾ ਪ੍ਰਕਾਸ਼ਿਤ ਕੀਤਾ ਗਿਆ
ਅਲੀਨਗਰ, ਮੁਗ਼ਲ ਸਰਾਏ, ਚੰਦੌਲੀ (ਯੂ.ਪੀ.), 232101
**MSME** ਅਤੇ **ISO** ਪ੍ਰਮਾਣਿਤ ਕੰਪਨੀ ਅਧੀਨ **Regd**
ਈਮੇਲ: **Jecpublication@gmail.com**
ਵੈੱਬਸਾਈਟ: **https://www.jecpublication.com**

ਜੇ. ਈ. ਸੀ ਪਰਕਾਸ਼ਨ  ਅਤੇ ਇਸ ਦਾ ਲੋਗੋ ਦੇ ਟਰੇਡ-ਮਾਰਕ ਹਨ
ਜੇ. ਈ. ਸੀ ਪਰਕਾਸ਼ਨ , ਮੁਗ਼ਲ ਸਰਾਏ

ਸਿਰਲੇਖ: **ਜਸਟਿਸ ਫੋਰ ਸਿੱਧੂ ਮੂਸੇਵਲਾ**
ਦੁਆਰਾ : **ਹਿਤੇਸ਼ ਕੁਮਾਰ ਮੁਟਰੇਜਾ**
ਭਾਸ਼ਾ: ਪੰਜਾਬੀ
ਕਾਪੀ-ਰਾਈਟ © **ਹਿਤੇਸ਼ ਕੁਮਾਰ ਮੁਟਰੇਜਾ**
**ISBN: 978-93-5749-420-5**
ਕੀਮਤ: **299/-**
ਪੰਨੇ  ਦੀ ਸੰਖਿਆ: **67**
ਪ੍ਰਿਥਵੀ ਰਾਜ ਸਿੰਘ ਦੁਆਰਾ ਟਾਈਮਜ਼ ਨਿਊ ਰੋਮਨ ਵਿੱਚ ਟਾਈਪਸੇਟ
ਜੇ. ਈ. ਸੀ ਪਰਕਾਸ਼ਨ ™ ਦੁਆਰਾ ਤਿਆਰ ਕੀਤਾ ਗਿਆ ਹੈ
ਜੇ. ਈ. ਸੀ ਪ੍ਰਿੰਟਿੰਗ ਤਕਨਾਲੋਜੀ (ਭਾਰਤ) ਵਿਖੇ ਛਾਪਿਆ ਗਿਆ

ਸਾਰੇ ਹੱਕ ਰਾਖਵੇਂ ਹਨ. ਪਰਕਾਸ਼ ਕਾਂ ਦੀ ਪੂਰਵ ਲਿਖਤੀ ਇਜਾਜ਼ਤ ਤੋਂ ਬਿਨਾਂ ਇਸ ਪਰਕਾਸ਼ਨ  ਦਾ ਕੋਈ ਵੀ ਹਿੱਸਾ ਪੁਨਰ-ਨਿਰਮਾਣ, ਮੁੜ ਪ੍ਰਾਪਤੀ ਪ੍ਰਣਾਲੀ ਵਿੱਚ ਸਟੋਰ, ਜਾਂ ਕਿਸੇ ਵੀ ਰੂਪ ਵਿੱਚ ਜਾਂ ਕਿਸੇ ਵੀ ਤਰੀਕੇ ਨਾਲ, ਇਲੈਕਟ੍ਰਾਨਿਕ, ਮਕੈਨੀਕਲ, ਫ਼ੋਟੋ ਕਾਪੀ, ਰਿਕਾਰਡਿੰਗ ਜਾਂ ਹੋਰ ਤਰੀਕੇ ਨਾਲ ਪ੍ਰਸਾਰਿਤ ਨਹੀਂ ਕੀਤਾ ਜਾ ਸਕਦਾ ਹੈ। ਇਹ ਗਲਪ ਦਾ ਕੰਮ ਹੈ। ਇਸ ਪੁਸਤਕ ਵਿੱਚ ਵਰਣਿਤ ਪਾਤਰ, ਸਥਾਨ, ਸੰਸਥਾਵਾਂ ਅਤੇ ਘਟਨਾਵਾਂ ਜਾਂ ਤਾਂ ਲੇਖਕ ਦੀ ਕਲਪਨਾ ਦੀ ਰਚਨਾ ਹਨ ਜਾਂ ਉਨ੍ਹਾਂ ਨੂੰ ਕਾਲਪਨਿਕ ਢੰਗ ਨਾਲ ਵਰਤਿਆ ਗਿਆ ਹੈ। ਜੀਵਿਤ ਜਾਂ ਮਰੇ ਹੋਏ ਲੋਕਾਂ ਨਾਲ ਕੋਈ ਸਮਾਨਤਾ, ਸਥਾਨਾਂ, ਸਮਾਗਮਾਂ, ਭਾਈ ਚਾਰਿਆਂ ਜਾਂ ਸੰਸਥਾਵਾਂ ਦਾ ਨਿਰੋਲ ਇਤਫ਼ਾਕ ਹੈ।

# ਮੁਖਬੰਧ

ਹਿਤੇਸ਼ ਕੁਮਾਰ ਮੁਟਰੇਜ ਨੇ ਇਹ ਕਿਤਾਬ ਪੰਜਾਬ ਦੇ ਹਰਮਨ ਪਿਆਰੇ ਗਾਇਕ ਸਿੱਧੂ ਮੂਸੇਵਾਲਾ 'ਤੇ ਲਿਖੀ ਹੈ।

ਉਹ ਸ਼ੁੱਭਦੀਪ ਉਰਫ਼ ਸਿੱਧੂ ਮੂਸੇਵਾਲਾ ਜੀ ਨੂੰ ਅਪਣਾ ਆਦਰਸ਼ ਮੰਨਦੇ ਹਨ। ਉਹਨਾ ਨੇ ਆਪਣੇ ਜੀਵਨ ਦੀਆਂ ਬਹੁਤ ਸਾਰੀਆਂ ਅਣਜਾਣ ਕਹਾਣੀਆਂ ਤੇ ਸਮਾਜਿਕ ਬੁਰਾਈਆਂ ਨੂੰ ਕਵਿਤਾਵਾਂ ਰਾਹੀਂ ਬਿਆਨ ਕੀਤਾ ਹੈ ਅਤੇ ਪਾਠਕਾਂ ਨੂੰ ਉਸ ਗਾਇਕ ਬਾਰੇ ਜਾਣਨ ਵਿੱਚ ਮਦਦ ਕੀਤੀ ਹੈ ਜੋ ਨਾ ਸਿਰਫ਼ ਸੰਗੀਤ ਦੁਆਰਾ, ਸਗੋਂ ਮਨੁੱਖੀ ਕਦਰਾਂ-ਕੀਮਤਾਂ ਤੋਂ ਵੀ ਪ੍ਰਭਾਵਿਤ ਸੀ।

ਇਹ ਇੱਕ ਬਹੁਤ ਮਸ਼ਹੂਰ ਵਿਅਕਤੀ ਲਈ ਪਹਿਲਾ ਕਦਮ ਹੈ ਜੋ ਕਾਫ਼ੀ ਅਰਸੇ ਤੋਂ ਪੰਜਾਬੀ ਸੰਗੀਤ ਦੇ ਦ੍ਰਿਸ਼ ਦਾ ਹਿੱਸਾ ਸੀ ਤੇ ਹਮੇਸ਼ਾ ਰਹੇਗਾ।ਇਹ ਕਿਤਾਬ ਉਹਨਾ ਦੇ ਇਨਸਾਫ਼ ਪ੍ਰਤੀ ਹੈ ਤੇ ਇਨਸਾਨੀਅਤ ਕਰਦਾ ਕੀਮਤਾਂ ਨੂੰ ਦਰਸਾਉਂਦੀ ਹੈ।

ਇਸ ਕਿਤਾਬ ਰਾਹੀਂ ਲੋਕਾਂ ਨੂੰ ਸਮਾਜ ਪ੍ਰਤੀ ਜਾਗਰੂਕ ਰਹਿਣਾ ਤੇ ਹੱਕ ਤੇ ਇਨਸਾਫ਼ ਲਈ ਕਦਮ ਚੁੱਕਣ ਨੂੰ ਉਤਸ਼ਾਹਿਤ ਕੀਤਾ ਗਿਆ ਹੈ।

# ਹਿਤੇਸ਼ ਕੁਮਾਰ ਮੁਟਰੇਜਾ

(ਲੇਖਕ)



ਮੇਰਾ ਨਾਮ ਹਿਤੇਸ਼ ਕੁਮਾਰ ਮੁਟਰੇਜਾ ਹੈ ਅਤੇ ਮੈਂ ਪੰਜਾਬ ਫ਼ਤਿਹਗੜ੍ਹ ਸਾਹਿਬ ਤੋਂ ਆਇਆ ਹਾਂ। ਕਾਰੋਬਾਰ ਤੋਂ ਇਲਾਵਾ, ਮੇਰੇ ਸ਼ੌਕ ਵਿੱਚ ਲਿਖਣਾ ਸ਼ਾਮਲ ਹੈ। ਮੈਂ ਕਈ ਸਾਲਾਂ ਤੋਂ ਪੰਜਾਬੀ ਸਾਹਿਤ 'ਤੇ ਕੰਮ ਕਰ ਰਿਹਾ ਹਾਂ। ਮੇਰੀਆਂ ਬਹੁਤੀਆਂ ਸਾਰੀਆਂ ਕਵਿਤਾਵਾਂ ਪੰਜਾਬੀ ਭਾਸ਼ਾ ਵਿੱਚ ਮਨੁੱਖਤਾ ਨਾਲ ਸੰਬੰਧਿਤ ਹਨ ਅਤੇ ਸਮਾਜ ਨੂੰ ਸਹੀ ਰਾਹ ਦਰਸਾਉਂਦੀਆਂ ਹਨ। ਮੇਰੀ ਇਹ ਕਿਤਾਬ ਮਨੁੱਖਤਾ ਬਾਰੇ ਹੈ।

1. ਸੂਹੀ ਪਰਭਾਤ ਦਾ ਰਿਸ਼ਤਾ ........................................................1

2. ਪਰ ਤੁਸੀਂ ਗ਼ਲਤ ਸੁਣੋ ਜਾਂ ਠੀਕ ਸੁਣੋ। ..........................................3

3. ਇਨਸਾਫ਼ ਦੀ ਜੰਗ ਸਾਡੀ ਜਾਰੀ ਹੈ .............................................5

4. ਅੱਜ ਵਕਤ ਸਵਾਲ ਨੂੰ ਮੁੜ ਦੁਹਰਾਉਣੇ ਦਾ। ..................................6

5. ਜਜ਼ਬਾਤ ...............................................................................8

6. ਮੈਂ ਪੁੱਛਣਾ ਚਾਂਉਦਾ ...............................................................10

7. ਸਿੱਧੂ ਤੇਰੇ ਵਿਰਸੇ ਦੀ .............................................................12

8. ਜੂਝਿਆਂ ਬਗੈਰ ਇਨਸਾਫ ਕਦੇ ਪਾਇਆ ਜਾਵੇ ਨਾ। .........................13

9. ਖੜ੍ਹੇ ਹਾਂ ਨਿਰਭੈਤਾ ਦੇ ਨਾਲ। ....................................................15

10. ਦਫ਼ਨ ਹੋ ਚੁੱਕੀ ਹੈ ਇਨਸਾਨੀਅਤ ...............................................16

11. ਸੰਘਰਸ਼ ਬੜਾ ਜਰੂਰੀ ਹੁੰਦਾ ......................................................18

12. ਓਹ ਸ਼ਮਸ਼ੀਰਾਂ ਕਿਧਰ ਨੂੰ ਗਈਆਂ ਨੇ? .......................................20

13. ਰਹਿ ਗਏ ਸਹਿਕਦੇ ਪੁੱਤ ਪੰਜਾਬ ਦੇ ਜੋ। .....................................21

14. ਮਿਹਨਤ ਦਾ ਰਾਹ, ਦਰਸਾਇਆ ਸੀ ਇਕ। .................................22

15. ਹਾਲੇ ਔਕੜਏ ਪਹਾੜ ਐ। .......................................................23

16. ਪਹਿਰਾ, ਸਿੱਧੂ ਤੇਰੀ ਸੋਚ ਉੱਤੇ। ...............................................25

17. ਜ਼ੁਲਮਾਂ ਨਾਲ ਟਕਰਾਉਣਾ ਸਿੱਖਲੋ। ...........................................27

18. ਸਿਫਤ ਓਹਨਾ ਸਾਰਿਆ ਵੀਰ ਭੈਣਾਂ ਦੀ ......................................29

19. ਸੋਚਿਓ ਜ਼ਰਾ ........................................................................31

20. ਜੇਕਰ ਬੋਲ ਕੱਢੇ ਮੁਮਕਿਨ ਦਾ ਤਾਂ ਸ਼ਾਯਦ ਅਸਾਨ ਹੁੰਦੇ ਰਸਤੇ। .........33

21. ਆਹ ਬੱਦਲੀ ਅੰਬਰ ਨਿਸਰੇਗਾ ..............................................35

22. ਯਾਦ ਰੱਖ ਮੇਰੇ ਸ਼ਬਦਾਂ ਨੂੰ....................................................37

23. ਹੌਂਕੇ - ਹੰਝੂਆਂ ਨਾਲ ਬਲਦੀ, ਉਸ ਸ਼ਮਸ਼ਾਨ ਦੀ ਗੱਲ ਲਿਖੀਏ। ..........39

24. ਸਭਿਆਚਾਰ ਹੋਇਆ ਅਲੋਪ ਵੀਰੋ ..........................................41

25. ਸੰਘਰਸ਼ ਕਰੋ ਘਬਰਾਓ ਨਾ ।..................................................43

26. ਅੰਤ ਤੱਕ .......................................................................45

27. ਹਾਲਾਤ ਹਾਲੇ ਵੀ ਬਹੁਤੇ ਬਦਲੇ ਨਹੀਂ। ........................................46

28. ਦੋ ਘੜੀਆਂ.......................................................................48

29. ਗੁਮਨਾਮ ਤੇਰੇ ਨਾਂ ਦੇ ਵਿਚ,....................................................49

30. ਮਸ਼ਾਲ ਹੱਥ ਚੁੱਕ ..............................................................51

31. ਉਨ੍ਹਾਂ ਇੱਜ਼ਤਦਾਰ ਲੋਕਾਂ ਤੋਂ ਹੋ ਕੇ ਖ਼ਫ਼ਾ ਲਿੱਖ ਰਿਹਾਂ ........................52

32. ਭਿਆਨਕ ਸੁਪਣੇ ਗੱਲ ਘੁੱਟਦੇ ਨੇ ਮੇਰਾ। PART-1 ........................54

33. ਭਿਆਨਕ ਸੁਪਣੇ ਗਲ ਘੁੱਟਦੇ ਨੇ ਮੇਰਾ। PART-2 ........................56

34. ਲੁੱਕ-ਲੁੱਕ ਰੋਵਣ  ਮਾਵਾਂ। .......................................................58

# ਸੂਹੀ ਪਰਭਾਤ ਦਾ ਰਿਸ਼ਤਾ

ਬੇਜ਼ੁਬਾਨ ਹੋ ਕੇ
ਜ਼ੁਲਮ ਸਹੀ ਜਾਣਾ
ਜ਼ੁਲਮ ਕਰਨ ਵਾਲੇ ਨੂੰ
ਜ਼ੁਲਮ ਕਰਦੇ ਰਹਿਣ ਨੂੰ
ਉਤਸ਼ਾਹ ਦੇਣਾ ਹੈ।
ਤੇ ਹੈ ਆਪਣੇ ਹੱਥੀਂ
ਰੂਹ ਆਪਣੀ ਦਾ ਕਤਲ ਕਰ ਦੇਣਾ।
ਜ਼ੁਲਮ ਹੋਵੇ ਤਾਂ ਵਗਦਾ ਏ ਲਹੂ
ਵਗਦਾ ਦਰਿਆ ਨੀਰ ਦਾ ਅੱਖਾਂ ਚੋ
ਪ੍ਰਗਟਾਵਾ ਹੈ ਅੱਖਾਂ ਰਾਹੀਂ
ਦਿਸਦੀ ਕੁਰਲਾਹਟਾਂ ਦਾ।
ਪਰ ਮੂੰਹ ਖੋਲਣ ਤੇ
ਕੋੜੇ ਵੱਜਣ ਦਾ ਡਰ
ਤਾਂਹੀ ਅੱਜ ਚੁੱਪ ਰਹਵਾਂ ਤੇ
ਸ਼ੇਰ ਬਣੀ ਤੁਰਦੀ ਐ।
ਪਰ ਹਨੇਰੇ  ਸੰਗ ਬਣੇ ਰਿਸ਼ਤੇ
ਇਹ  ਭੁੱਲ ਕੇ ਵੀ ਨਾ ਚਹਿਓ।
ਹਮੇਸ਼ਾਂ ਲੋਚਦੇ ਰਹਿਣਾ ਸਿੱਖੋ
ਸੂਹੀ ਪਰਭਾਤ ਦਾ ਰਿਸ਼ਤਾ।

ਹਰ ਇਕ ਚੁੱਪ ਨੂੰ ਤੋੜ ਕੇ
ਵਿਚ ਵਸਾਓ ਆਪਣੀ ਅੱਖ 'ਚ ਇੱਕ
ਨਵੇਂ ਦ੍ਰਿਸ਼ਟੀਕੋਣ ਦਾ ਸੱਜਰਾ ਸਵੇਰਾ।
ਜ਼ੁਲਮ-ਹਨ੍ਹੇਰੀ ਲਹੂ ਪਿਆ ਵਗਦਾ,
ਸ਼ੋਰ ਦੀ ਕੁਕਾਰ ਚੁਫ਼ੇਰੇ ।
ਮੇਰੀ ਕਲਮ ਤੋਂ ਨਿਕਲੇ ਅਲਫਾਜ਼
ਜਿਥੇ ਵੀ ਦਿਸਦੇ
ਹਨੇਰੇ ਤੋਂ ਸੁਰੱਖਿਅਤ ਨੇ।
ਤੇ ਮੈਂ ਚਾਹੁੰਦਾ ਤੁਸੀ ਵੀ ਸੁਣੋ ਤੇ ਸਮਝੋ
ਸਿੱਧੂ, ਹਕੂਮਤਾਂ ਅੱਗੇ ਆਪਣੇ ਹੱਕ
ਲਈ ਖੜਨਾ ।

# ਪਰ ਤੁਸੀਂ ਗ਼ਲਤ ਸੁਣੋ ਜਾਂ ਠੀਕ ਸੁਣੋ।

ਤੁਸੀਂ ਚਾਹੁੰਦੇ ਹੋ

ਮੈਂ ਮਹਿਕਦਾਰ ਸ਼ੈਲੀ 'ਚ ਲਿਖਾ

ਫੁੱਲਾ ਦੀਆ ਗ਼ਜ਼ਲਾਂ, ਬਹਾਰਾਂ ਦੀ ਰੂਹ

ਰੂਪ ਦੀ ਮਿਠਾਸ।

ਪਰ ਗ਼ਲਤ ਹੋ ਤੁਸੀ ਸਭ

ਮੇਰੀ ਕਵਿਤਾ ਦੇ ਲਿਖੇ ਸ਼ਬਦ

ਸਿਰਫ ਗੱਲ ਕਰਨਗੇ

ਅੱਗ ਜ਼ੁਲਮ ਦੀ ਮਾਰ ਤੋਂ

ਝੁਲਸਾਏ ਮਜ਼ਲੂਮ ਕਿਰਤੀਆਂ ਦੀ।

ਕਿਸੇ ਗਰੀਬ ਦੇ ਚੁੱਲ੍ਹੇ ਦੀ।

ਕਿਸੇ ਬੇਗੁਨਾਹ ਦੇ ਸਿਵੇ ਦੀ।

ਬੇਆਬਰੂ ਹੁੰਦੀ ਸੋਚ ਦੀ।

ਮੈਲੇ ਹੁੰਦੇ ਸਿਦਕ ਦੀ।

ਘਟੀਆ ਰਾਜਨੀਤੀ ਦੀ।

ਮੈਂ ਪੁੱਛਦਾ

ਤੁਹਾਡੀ ਹਮਦਰਦੀ ਭਰੀ

ਰੂਹ ਕਿੱਥੇ ਹੈ?

ਕਯਾ ਤੁਸੀ ਮਰ ਚੁੱਕੇ ਹੋ?

ਜਾਣਦਾ ਹਾਂ

ਅੱਜ ਬੜੀ ਕੌੜੀ , ਬੜੀ ਬੇਰਸ
ਹੈ ਮੇਰੀ ਕਵਿਤਾ।
ਪਰ ਤੁਸੀਂ ਗ਼ਲਤ ਸੁਣੋ
ਜਾਂ ਠੀਕ ਸੁਣੋ।
ਪਾਰ ਸੁਣੋ ਸਾਡੇ ਵਿਚਾਰਾਂ ਨੂੰ।
ਸਿੱਧੂ, ਸੁਣੋ ਕਦੇ ਆਪਣੇ ਜਜ਼ਬਾਤਾਂ ਨੂੰ
ਕਿਉਂ ਮਾਰਦੇ ਹੋ ਆਪਣੀ ਆਤਮਾ ਨੂੰ
ਅਪਣੇ ਵਜੂਦ ਦੀ ਖ਼ਾਤਰ ਲੜੋ।
ਇਨਸਾਨੀਅਤ ਦੀ ਖਾਤਰ ਲੜੋ।
ਇਨਸਾਫ ਲਈ ਲੜੋ।
ਪਰ ਨਹੀਂ
ਥੋਨੂੰ ਬੇਸ਼ੱਕ ਅੱਜ ਮੇਰੇ ਅਲਫਾਜ਼
ਕੌੜੇ ਜਾਪਣਗੇ
ਕਿਉਂਕਿ ਤੁਸੀ ਤਾਂ ਕਰਨੀ ਹੈ ਹਮੇਸ਼ਾ
ਅੰਬਰਾਂ ਤੇ ਚੰਨ ਤਾਰਿਆਂ ਦੀ ਘਟਾ।
ਤੁਸੀਂ ਕਦੇ ਵੀ ਨਹੀਂ
ਸੁਣਨੀ ਚਾਹੋਗੇ
ਹਰ ਥਾਂ ਉੱਤੇ ਪਸਰੇ,
ਅਦਿੱਖ ਚੁੱਪ ਦੀ ਸਦਾ।

# ਇਨਸਾਫ਼ ਦੀ ਜੰਗ ਸਾਡੀ ਜਾਰੀ ਹੈ

ਕਵਿਤਾ ਨਾਮ ਵਿਚਾਰਾਂ ਦਾ ਲੋਕੋ,
ਅਸੀਂ ਤਾਂ ਹਮੇਸ਼ਾਂ
ਨਿਡਰ ਤੇ ਨਿਰਪੱਖ ਲਿਖਣੇ।
ਬਾਦਸ਼ਾਹੀ ਹੈ ਦਿਲਾਂ 'ਚ ਰਾਜ ਕਰਨਾ,
ਨਾ ਕੇ ਰਾਜਨੀਤੀ ਵਿੱਚ ਜਿਤਣੇ।
ਸਾਥੋਂ ਦੂਰ ਹੋਵੇਗਾ,
ਪਰ ਸਾਡੇ ਦਿਲ 'ਚ ਹੋਵੇਗਾ,
ਸਿੱਧੂ ਤੇਰਾ ਨਾਮ ਸਾਡੇ ਹੋਣ ਵਾਲੇ,
ਗੀਤਾਂ ਦਿਆ ਬੋਲਾ , ਤੇ ਨਜ਼ਮਾਂ ਚ ਹੋਵੇਗਾ।
ਬੇਸ਼ੱਕ ਚੁੱਪ ਦੀ ਆਵਾਜ਼ ਨਹੀਂ ਹੁੰਦੀ
ਪਰ ਬੇਜ਼ੁਬਾਨ ਨਹੀਂ ਹੁੰਦੀ ਹੈ ਚੁੱਪ।
ਤੇਰੀਆਂ ਲਿਖਤਾਂ ਹੀ ਹਨ
ਜਿਹਨੇ ਸਾਨੂੰ
ਤੇਰੇ ਲਈ ਲੜ ਸਕਣ ਨੂੰ
ਕਾਬਿਲ ਤੇ ਸਮਰੱਥ ਕੀਤਾ।
ਕੀ ਹੋਇਆ ਜੇ ਫਿਲਹਾਲ ਨਹੀਂ ਜਿੱਤੇ।
ਇਨਸਾਫ ਦੀ ਜੰਗ ਸਾਡੀ ਜਾਰੀ ਹੈ
ਅਸੀਂ ਹਥਿਆਰ ਹਾਲੇ ਨਹੀਂ ਸਿਟੇ।
ਤੂਫਾਨ ਵੱਡੇ ਸਾਗਰਾਂ ਚੋਂ ਨਹੀਂ
ਸਬਰ ਦੀਆਂ ਸ਼ਾਂਤ ਝੀਲਾਂ ਚੋਂ ਉੱਠਦੈ।
ਕਵਿਤਾ ਨਾਮ ਵਿਚਾਰਾਂ ਦਾ ਲੋਕੋ,
ਅਸੀਂ ਤਾਂ ਹਮੇਸ਼ਾ ਨਿਡਰ ਤੇ ਨਿਰਪੱਖ ਲਿਖਣੇ।

# ਅੱਜ ਵਕਤ ਸਵਾਲ ਨੂੰ ਮੁੜ ਦੁਹਰਾਉਣੇ ਦਾ।

ਜਾਗਦੇ ਜਮੀਰਾਂ ਵਾਲਿਓ

ਅਸਾਂ ਤੇ ਕੈਹਰ ਹੋਇਆ,

ਹੀਰੇ ਲਾਲ ਪੰਜਾਬੀਅਤ

ਦੇ ਅੱਜ ਮੁੜ ਤੋਂ ਲਦ ਗਏ ਨੇ ।

ਹੋਈਆਂ ਲੀਰਾਂ ਤੇ

ਰੂਹਾਂ ਕਮਜ਼ੋਰ ਹੋਈਆਂ ਆਪਣੀਆ

ਸ਼ਾਯਦ ਆਲਮਾ ਦੇ ਹੱਥੋਂ ਅਪਾ ਠੱਗ ਗੇ ਨੇ।

ਅੱਜ ਵਕਤ ਸਵਾਲਾਂ ਨੂੰ ਮੁੜ ਦੌਹਰਾਉਣੇ ਦਾ।

ਸਿੱਧੂ ਕਦਰ ਕਰੇ ਨਾ

ਜੋ ਬੁਲੰਦ ਆਵਾਜ਼ਾਂ ਦੀ

ਪਾਰ ਕਦੇ ਵੀ ਓਹ ਲੰਘਾਉਂਦੇ ਨਾ।

ਪਰ ਕਾਲਾ ਦਾਗ਼ ਜੋ ਮੱਥੇ ਸਾਡੇ ਹੈ ਲੱਗਾ

ਮੌਕਾ ਆਗਿਆ ਏਸ ਨੂੰ ਲ੍ਹਾਵਣੇ ਦਾ ।

ਕਰ ਹੌਂਸਲਾ ਵਿਚ ਮਦਾਨ ਆਵੇ,

ਅੱਜ ਵਕਤ ਸਵਾਲਾਂ ਨੂੰ ਮੁੜ ਦੌਹਰਾਉਣੇ ਦਾ।

ਇਕ ਮੁੱਠ ਹੋ ਕੇ ਇਨਸਾਫ ਖਾਤਰ,
ਅੱਜ ਵਕਤ ਸਵਾਲਾਂ ਨੂੰ ਮੁੜ ਦੌਹਰਾਉਣੇ ਦਾ।

ਜੇਕਰ ਚੌੜ ਚਲਾਕੀਆਂ ਤੇ ਉਤਰੇ ਹਾਕਮ
ਭੈੜੀ ਸਰਕਾਰ ਨੂੰ ਜੜ੍ਹੋਂ ਵੱਢ ਦੇਈਏ ।
ਅੱਜ ਵਕਤ ਸਵਾਲਾਂ ਨੂੰ ਮੁੜ ਦੌਹਰਾਉਣੇ ਦਾ।।

# ਜਜ਼ਬਾਤ

ਜਲ ਕੇ ਰੋਇਆ
ਤਾਂ ਹੁਣ ਕਿਉਂ ਰੋਇਆ।
ਸਾਡੇ ਹੰਝੂਆਂ ਨੇ ਵੀ ਵੰਡ ਮੁੱਕਾ ਲਈ
ਮੈ ਕੁੱਝ ਅੱਖੀਆਂ ਹਿੱਸੇ
ਕੁੱਝ ਦਿੱਲ ਹਿੱਸੇ ਰੋਇਆ।
ਜਜ਼ਬਾਤ ਸੁਣਾਉਂਦਾ ਫਿਰੇ
ਹੁਣ ਇਹ ਦਿਲ ਮੋਇਆ।

ਮੀਂਹ ਹਨੇਰੀ ਝੱਖੜ ਰੌਲੇ
ਐਨਾ ਪਾਇਆ ਨਹੀਂ,
ਜਿੰਨਾਂ ਮੈਂ ਖੋਇਆ!
ਜਜ਼ਬਾਤ ਸੁਣਾਉਂਦਾ ਫਿਰੇ
ਇਹ ਦਿਲ ਮੋਇਆ।

ਮਾਂ ਦਾ ਆਂਚਲ  ਨਾਲ ਸੀ ਮੇਰੇ,
ਪਿਓ ਨੇ ਹੌਸਲੇ ਬੁਲੰਦ ਰੱਖੇ ਸੀ।
ਨਾਮ ਕਰਤਾਰ ਦਾ,
ਕਦੀ ਨਾ ਵਿਸਾਰਿਆ ਮੈਂ
ਹਸਦੇ ਵਸਦੇ ਹਰ ਸਾਹ ਰੱਖੇ ਸੀ।

ਪਰ ਲੜ ਹਾਲਾਤਾਂ ਜੀਹਨੇ ਕਲਮ ਫੜਾਈ
ਕਿਉਂ, ਸਬਰ ਮੇਰੀ ਮਾਈ ਦਾ
ਜਾਂਦਾ ਏ ਅਜਮਾਈ।
ਜੋ ਨਾਲ਼ ਮੇਰੇ ਹਰ ਥਾਂ ਖੜਿਆ,
ਕਿਉਂ ਜਾਪੇ ਇਕੱਲਾ ਖੜਿਆ
ਬੁਢੇਪੇ ਚ ਡਾਂਗ ਇਨਸਾਫ ਦੀ ਫੜਿਆ?

ਵਖਤ ਦਾ ਮਾਰਿਆ ,ਕਿਹਨੂੰ ਝਿੜਕਾਂ।
ਅਪਣਾ ਵੀ ਨਾ ਅਪਣਾ ਹੋਇਆ।
ਪੀੜ ਦੱਸ ਵੇ ਕਿਵੇਂ ਲੁਕਾਵਾਂ
ਸਿੱਧੂ, ਬੇਬੇ ਬਾਪੂ ਜੀ ਨਹੀਂ
ਅੱਜ ਤਾਂ ਰੱਬ ਵੀ ਰੋਇਆ।
ਜਜ਼ਬਾਤ ਸੁਣਾਉਂਦਾ ਫਿਰੇ
ਹੁਣ ਮੇਰਾ ਇਹ ਦਿਲ ਮੋਇਆ।

# ਮੈਂ ਪੁੱਛਣਾ ਚਾਂਉਦਾ

ਮੈਂ ਪੁੱਛਣਾ ਚਾਂਉਦਾ ਸਰਕਾਰਾਂ ਨੂੰ
ਕਿਉਂ ਹੁੰਦੀ ਰਹੂ ਇਨਸਾਫ਼ 'ਚ ਦੇਰੀ?

ਮਾਤਾ ਦੀ ਉਜੜੀ ਕੁੱਖ
ਮੰਗਦੀ ਇਨਸਾਫ ਤੋਹਥੋ
ਕਯਾ ਵਗਦੀ ਰਹੁ ਇੰਝ ਹੀ
ਸਾਡੇ ਪੰਜਾਬ ਅੰਦਰ
ਦਿਹਸ਼ਤ ਗਰਦਾ ਦੀ ਹਨੇਰੀ।

ਪੁੱਤਰ ਮਰਦੇ ਪੰਜਾਬ ਦੇ
ਕਦੇ ਨਸ਼ਿਆ ਨਾਲ
ਕਦੇ ਸਿਆਸਤ ਨਾਲ।
ਇਹ ਝੁੰਡ ਐ ਸ਼ੈਤਾਨਾਂ ਦਾ
ਇਹ ਆਫ਼ਤ ਐ ਕੇਹਰ  ਦੀ।
ਕਯਾ ਕਦੇ ਵਕਤ ਵਾਕਫੀ ਵੀ ਪਾਓ
ਸਾਡੇ ਪੰਜਾਬ ਅੰਦਰ
ਦੇਹਸ਼ਤ ਗਰਦਾ ਦੀ ਹਨੇਰੀ।

ਇਕ ਪੁੱਤ ਉਠਿਆ ਗਰੀਬੀ ਚੋ
ਆਪਣੀ ਮਿਹਨਤ ਨਾਲ,

ਆਪਣੀ ਹਲੀਮੀ ਨਾਲ
ਰੁੱਤਬੇ ਪਾਉਣ ਏਸ ਕਮੀਨੜੇ ਜੱਗ ਵਿੱਚੋ ।
ਦੂਜੇ ਪਾਸੇ ਪਲੀਆ ਜੋਕਾਂ ਤੁਹਾਡੇ ਰਾਜ ਦੀਆ
ਚਿੱਟੇ ਦਿਨ ਇਹ ਗੋਲੀਆਂ ਮਾਰ ਗਈਆਂ ।
ਅੱਜ ਵੇਖ ਰਿਆ ਮੈਂ
ਕਯਾ ਹੁੰਦਾ ਏਸ ਰੰਗਲੇ ਪੰਜਾਬ ਅੰਦਰ
ਚੱਲੇ ਜਬਰ ਤੇ ਜ਼ੁਲਮ ਦੀ ਤੇਜ਼ ਆਰੀ।
ਪਲ਼ਦਾ ਕੂੜ ਕੌਮੀਅਤ  ਦੀ ਲਾਸ਼ ਉਤੇ।

ਮੈਂ ਮੁੜ ਸਵਾਲ ਕਰਦਾ ਹਾਂ
ਕਯਾ ਵਗਾਉਂਦੀ ਰਹੂ
ਇਹ ਲਹੂ, ਮਜ਼ਲੂਮ ਲੋਕਾਂ ਦਾ
ਆਪਣੇ ਪੰਜਾਬ ਅੰਦਰ
ਦੇਹਸ਼ਤ ਗਰਦਾ ਦੀ ਹਨੇਰੀ?
ਮੈਂ ਪੁੱਛਣਾ ਚਾਂਉਦਾ ਸਰਕਾਰਾਂ ਨੂੰ
ਕਿਉਂ ਹੁੰਦੀ ਰਹੂ ਇਨਸਾਫ਼ 'ਚ ਦੇਰੀ?

# ਸਿੱਧੂ ਤੇਰੇ ਵਿਰਸੇ ਦੀ

ਇਨਸਾਨੀਅਤ ਦੇ ਸਿਰ ਤੇ
ਤਾਜ ਰੱਖਣ ਚਲੇ ਹਾਂ
ਸਿੱਧੂ ਤੇਰੇ ਵਿਰਸੇ ਦੀ
ਲਾਜ ਰੱਖਣ ਚੱਲੇ ਹਾਂ।

ਬੇਸ਼ੱਕ ਮੁਸੀਬਤਾਂ ਨੇ ਅਉਣੀਆ
ਔਕੜਾਂ ਦੇ ਰਾਹ ਤੇ।
ਹੱਥ ਹਕੂਮਤਾਂ ਦੇ ਲਵਾਉਣੇ ਅਪਾ
ਕੰਡਿਆਲੀ ਰਹੇ ਚੱਲ ਕੇ।

ਆਜੋ ਕਰੀਏ ਸਵਾਲ ਅਪਾ ਹੁਣ
ਇਹਨਾ ਕਾਨੂੰਨ ਦੇ ਪਹਿਰੇਦਾਰਾਂ ਨੂੰ
ਕਿਉਂ ਸ਼ੈਂ ਦੇਂਦੇ ਇਹ ਸ਼ੇਆ
ਮੌਤ ਦੀਆਂ ਗਿੱਤਾਰਾਂ ਨੂੰ।

ਜਜ਼ਬੇ ਦੀ ਅੱਗ
ਅਪਾ ਸੀਨੇ ਬਾਲ ਚੱਲੇ ਆ।
ਸਿੱਧੂ ਤੇਰੇ ਵਿਰਸੇ ਦੀ
ਲਾਜ ਰੱਖਣ ਚੱਲੇ ਹਾਂ।

# ਜੂਝਿਆਂ ਬਗੈਰ ਇਨਸਾਫ ਕਦੇ ਪਾਇਆ ਜਾਵੇ ਨਾ।

ਪੈਗ਼ਾਮ ਤੇਰੇ ਜਾਣ ਦਾ ਸਿੱਧੂ
ਲਾਇਆ ਮੈਨੂੰ ਰੋਣ ਤੇ।
ਕੰਬੀ ਗਈ ਰੂਹ ਮੇਰੀ
ਤੈਥੋਂ ਵੱਖ ਹੋਣ ਤੇ।
ਪੀ ਖ਼ੂਨ ਦੇ ਪਿਆਲੇ,
ਬੇਹੋਸ਼ ਹੋਈ ਮੈਂ।
ਗ਼ਮਾਂ ਤੇ ਨਹੇਰਨਿਆਂ ਦੀ,
ਹੋਂਦ ਵਿੱਚ ਰੋਈ ਮੈਂ।
ਅੱਜ ਮੰਗਾਂ ਮੈਂ ਇਨਸਾਫ਼
ਇਸ ਕੰਜਰੀ ਸਰਕਾਰ ਤੋਂ।
ਤੇਰੇ ਲਈ ਮਿੰਨਤਾਂ ਵੀ ਕਰੂ ਸ਼ੁੱਭ
ਧਰਮਾਂ ਦੇ ਪੈਰੋਕਾਰ ਤੋਂ।
ਪੈਂਦੇ ਨੇ ਅੱਖਾਂ ਸਾਹਵੇਂ,
ਨਿੱਤ ਮਿਹਨਤਾਂ ਤੇ ਡਾਕੇ ।
ਮਨੁੱਖਤਾ ਦੇ ਕਾਤਲ,
ਦੁਹਰਾਉਣ ਖ਼ੂਨੀ ਸਾਕੇ ।
ਪਰ ਕਾਤਲਾਂ ਤੋਂ ਦੱਸੋ
ਇਨਸਾਫ਼ ਕਿਵੇਂ ਮੰਗੀਏ ?
ਪਰ ਸਿੱਧੂ ਤੇਰੀ ਯਾਦਾਂ ਨੂੰ
ਭੁਲਾਇਆ ਮੈਥੋਂ ਜਾਵੇ ਨਾ।

ਸੁਣਿਆ ਈ ਨਹੀਂ

ਅੱਜ ਤੱਕ ਵੀ ਲਿਆ ਏ

ਜੂਝਿਆਂ ਬਗੈਰ

ਇਨਸਾਫ਼ ਕਦੇ ਪਾਇਆ ਜਾਵੇ ਨਾ।

#justiceforsidhumoosewala

# ਖੜ੍ਹੇ ਹਾਂ ਨਿਰਭੈਤਾ ਦੇ ਨਾਲ।

ਅਸੀਂ ਖੜ੍ਹੇ ਹਾਂ ਨਿਰਭੈਤਾ ਦੇ ਨਾਲ
ਤੇਰੇ ਇਨਸਾਫ਼ ਦੀ ਮੰਗ ਵਾਲੀ
ਮਸ਼ਾਲ ਹੱਥ ਚ ਫੜੀ।
ਮੋਹ ਇਖ਼ਲਾਕ ਦੇ ਖ਼ੂਨੀ ਸਾਕੇ
ਸਭ ਰਿਸ਼ਤਿਆਂ ਦੀ ਸੀਮਾ
ਤੇ ਹਰ ਸਾਕ ਦੇ ਤਕਾਜ਼ੇ।
ਹਾਂ ਅਸੀਂ ਜਿੱਤਾਂਗੇ
ਯਕੀਨ ਸਾਨੂੰ ਹੈ ਕੇ ਅਸਾਂ ਜਿੱਤਾਂਗੇ
ਇਸ ਲਈ ਚੱਟਾਨ ਹੋ ਕੇ ਲੜਨਾ।
ਅਸੀਂ ਖੜ੍ਹੇ ਹਾਂ ਨਿਰਭੈਤਾ ਦੇ ਨਾਲ
ਤੇਰੇ ਇਨਸਾਫ਼ ਦੀ ਮੰਗ ਵਾਲੀ
ਮਸ਼ਾਲ ਹੱਥ ਚ ਫੜੀ।

# ਦਫ਼ਨ ਹੋ ਚੁੱਕੀ ਹੈ ਇਨਸਾਨੀਅਤ

ਆਖ਼ਰੀ ਸਾਹਾਂ ਤੀਕ ਲੜਨ
ਵਾਲੇ ਸਿੱਧੂ ਨੂੰ।।
ਮੇਰੀ ਇਬਾਦਤ ਦੇ ਕੁੱਝ ਅੰਸ਼ ਕਬੂਲ ਕਰਨਾ ॥
ਤੂੰ ਜੁਗਾਂ ਤਕ ਲੜਿਆ
ਤੇ ਤੂੰ ਜੁਗਾਂ ਤੀਕ ਲੜਨਾ ।
ਜਦੋਂ ਤੀਕ ਰੰਗਾਂ ਵਿੱਚ ਵਿਤਕਰਾ ਹੈ
ਤੇਰਾ ਖ਼ੂਨ
ਪੰਜਾਬ ਦੇ ਹਰ ਨੌਜਵਾਨ ਦੀ
ਆਉਣ ਵਾਲੀਆਂ ਪੁਸ਼ਤਾਂ
ਦੀਆਂ ਰਗਾਂ ਵਿੱਚ ਦੌੜੇਗਾ।

ਮੈਂ ਇਸ ਧਰਤ ਤੇ ਹਰ ਸ਼ੈਅ ਵਿਕਦੀ ਹੈ
ਬੰਦਾ ਵਿਕਦਾ ਵੇਖਿਆ
ਤੇ ਬੰਦਗੀ ਵੀ ਵਿਕਦੀ ਹੈ
ਲੋਕਾਂ ਦਾ ਇਮਾਨ ਤਕ ਵੀ ਵਿਕਦਾ ਵੇਖਿਆ ਹੈ।
ਟੁਕੜਾ-ਟੁਕੜਾ ਹੋਇਆ
ਰੱਬ ਵੀ ਵਿਕਦਾ ਹੈ।
ਸ਼ਾਇਦ ਸਾਡੀਆਂ ਦੇਹਾਂ ਅੰਦਰ
ਦਫ਼ਨ ਹੋ ਚੁੱਕੀ ਹੈ ਇਨਸਾਨੀਅਤ।

ਪਰ ਵਾਅਦਾ ਕਰਦੇ ਹਾਂ ਅਸੀਂ
ਤੇਰੀ ਤਸਵੀਰ
ਸਾਡੇ ਡਰਾਇੰਗ ਰੂਮ
ਦਾ ਸ਼ਿੰਗਾਰ ਬਣਨ ਤੋਂ ਲੈ ਕੇ
ਸਾਡੇ ਪੁਸ਼ਤਾਂ ਦੀਆਂ ਰਗਾਂ ਵਿੱਚ
ਲੋਕ ਗੀਤ ਵਾਂਗ ਘੁਲ ਜਾਵੇਗੀ।

# ਸੰਘਰਸ਼ ਬੜਾ ਜਰੂਰੀ ਹੁੰਦਾ

ਹਰ ਮੋੜ ਤੇ ਪਹਿਰਾ
ਤੇ ਹਰ ਦਹਿਲੀਜ਼ ਹੈ ਸਹਿਮੀ ਹੋਈ
ਹੋਈ ਬੰਦਿਸ਼ ਐਸੀ
ਤੇ ਲੱਗੀਆਂ ਆਪਣੇ ਸਾਹਾਂ ਤੇ ਵੀ ਰੋਕਾਂ।

ਪਰ ਮੈਂ ਕਹਿੰਦਾ ਪਿੰਡਾ ਸ਼ਹਿਰ ਦੇ ਵਸਨੀਕਾਂ ਨੂੰ
ਜੋ ਬੋਲ ਕੱਢਣ ਦਾ ਜਿਗਰਾ ਨੀ ਰੱਖਦੇ
ਉਹ ਜਿਉਂਦੇ ਜਿਉਂ ਵੀ
ਅੱਧ-ਮਰੇ ਜੇ ਰਹਿੰਦੇ ਨੇ।

ਭਾਵੇਂ ਮੇਰੀ ਕੌੜੀ ਸੋਚ ਕਰ ਕੇ
ਬੇਸ਼ੱਕ ਮੇਰੇ ਹੌਸਲੇ ਕਿਰ ਗਏ,
ਤੇ ਮੇਰੀ ਸੋਚਾਂ ਨੂੰ ਢੋਰ ਲਿਆ ਗਿਆ
ਸਾਰਾ ਦਾ ਸਾਰਾ।
ਪਰ ਜੋ ਜੜਾਂ ਨਾਲ ਸੀ ਖੜੇ ਮੇਰੇ,
ਉਹ ਪੌਦੇ ਅੱਜ ਵੀ ਹਰੇ ਦਿਸਦੇ ਨੇ।

ਇੱਥੇ ਲੁੱਟ ਹੁੰਦੀ ਗ਼ਰੀਬ ਦੀ,

ਇਹ ਠਗਾਂ ਦਾ ਦੇਸ਼ ਹੈ।

ਦਹਿਸ਼ਤਗਰਦੀ ਥੇਹ ਆਮ ਜਾਪੇ ਮੈਨੂੰ

ਨੀਯਤਾਂ ਦੇ ਵਿਚ ਖੋਟਾ ਰਲੀਆਂ ਦਿਸਦੀਆਂ ਨੇ।

ਸੰਘਰਸ਼ ਬੜਾ ਜ਼ਰੂਰੀ ਹੁੰਦਾ

ਇਨਸਾਫ਼ ਤੇ ਹੱਕ ਦੀ ਲੜਾਈ ਲੜਨ ਲਈ

ਇਸ ਨੂੰ ਜਿੱਤਣ ਲਈ।

ਆਓ ਸਾਥ ਦੇਈਏ ਆਪਾ

ਇਨਸਾਫ਼ ਮੰਗੀਏ ਇਸ ਸਿਸਟਮ ਤੋਂ।

#JusticeForSidhuMoosewala

# ਓਹ ਸ਼ਮਸ਼ੀਰਾਂ ਕਿਧਰ ਨੂੰ ਗਈਆਂ ਨੇ?

ਗੀਤਾਂ ਦੇ ਵਾਰਿਸ ਆਉਂਦੇ ਰਹੇ
ਤੇ ਆਉਂਦੇ ਰਹਿਣ।
ਬੜੇ ਰੰਗ ਢੰਗ ਸਾਨੂੰ ਉਹਨਾਂ ਦੇ
ਵਿਖਾਉਂਦੇ ਰਹਿਣ।
ਪਰ ਮੈਂ ਜਾਨਣਾ ਚਾਹੁੰਦਾ
ਮਿੱਟੀ ਨੂੰ ਸੋਨਾ ਕਰਦੀਆਂ ਜੋ,
ਪੰਜਾਬ ਧਰਤੀ ਦੀਆਂ
ਉਹ ਤਕਦੀਰਾਂ ਕਿਧਰ ਗਈਆਂ ਨੇ?
ਮਿਹਨਤ ਨੂੰ ਬੂਰ ਲਗਾਉਣ ਦੀਆਂ
ਅੱਜ ਤਕਰੀਰਾਂ ਕਿਧਰ ਨੂੰ ਗਈਆਂ ਨੇ?

ਹੋਰਾਂ ਦਾ ਭੈ ਕੋਈ ਨਾ
ਪਰ ਅਸਾਂ ਆਪਣਿਆਂ ਤੋਂ ਮਰ ਗਏ ਹਾਂ।
ਜੋ ਇਨਸਾਫ਼ ਤੇਰੇ ਦੀ ਮੰਗ ਨੂੰ ਉੱਠਣ ਸਿੱਧੂ
ਉਹ ਸ਼ਮਸ਼ੀਰਾਂ ਕਿਧਰ ਨੂੰ ਗਈਆਂ ਨੇ?

# ਰਹਿ ਗਏ ਸਹਿਕਦੇ ਪੁੱਤ ਪੰਜਾਬ ਦੇ ਜੋ।

ਦੀਪ ਸਿੱਧੂ ਨੂੰ ਸਿਆਸਤ ਨੇ ਹਰਾਇਆ।
ਸੰਦੀਪ ਨੂੰ ਫੇਰ ਓਸਦੀ ਚੜ੍ਹਤ ਨੇ ਪਾਇਆ।
ਮੂਸੇਵਾਲਾ ਗਿਆ ਵਿਛੋੜਿਆ ਜ਼ਬਰਦਸਤੀ।
ਰਹਿ ਗਏ ਸਹਿਕਦੇ ਪੁੱਤ ਪੰਜਾਬ ਦੇ ਜੋ ।
ਸਿੱਖੀ, ਸਿਹਤ ,ਕਲਾ ਵਰਗੇ ਨੈਣ ਮਨੁੱਖਤਾ ਦੇ,
ਇੱਕ ਟਹਿਣੀ ਦੇ ਫੁੱਲ ਗੁਲਾਬ ਦੇ ਜੋ ।
ਲਿਖੀ ਗਈ ਜੋ ਦਿਲਾਂ ਦੇ ਵਰਕਿਆਂ ਤੇ,
ਵਰਕੇ ਹੁਣ ਹੈ ਨੀ, ਉਸ ਕਿਤਾਬ ਦੇ ਉਹ।

# ਮਿਹਨਤ ਦਾ ਰਾਹ, ਦਰਸਾਇਆ ਸੀ ਇਕ।

ਚਿਰ ਤੱਕ ਲੋਕਾਂ ਰੱਖਣਾ ਯਾਦ ਮੈਨੂੰ
ਦਿਲ ਦੇ ਤਖ਼ਤ ਬਿਠਾਇਆ ਮੈਨੂੰ।

ਕਿ ਮੇਰੀ ਗਾਇਕੀ ਨੇ ਟੁੰਬ ਕੇ ਸੀ
ਭਾਵ ਜਗਾਇਆ ਸੁੱਚਾ ਸੀ ਇੱਕ।

ਕਿ ਮੈਂ ਗੀਤ ਆਜ਼ਾਦੀ ਦਾ
ਇਸ ਜ਼ਾਲਮ ਜੱਗ ਵਿਚ
ਗਾਇਆ ਸੀ ਇੱਕ।

ਤੇ ਦੱਬਿਆ ਕੁਚਲਿਆ ਲੋਕਾਂ ਲਈ
ਹਾਂ ਦਾ ਨਾਅਰਾ ਲਾਇਆ ਸੀ ਇੱਕ।

ਇਸ ਪੀੜ੍ਹੀ ਦੇ ਨੌਜਵਾਨਾਂ ਨੂੰ
ਮਿਹਨਤ ਦਾ ਰਾਹ
ਦਰਸਾਇਆ ਸੀ ਇੱਕ।

# ਹਾਲੇ ਔਕੜੇਏ ਪਹਾੜ ਐ।

ਅੱਜ ਦਿਲ ਦੀ ਸੁਣੀ ਪੁਕਾਰ ਏ

ਪਰ ਸਮਝ ਹੈ ਸਾਨੂੰ
ਸਾਹਮਣੇ ਸਾਡੇ ਖੜਾਂ ਹੈ
ਹਾਲੇ ਔਕੜੇਏ ਪਹਾੜ ਐ।

ਸਹੋ ਸਹੇ ਹੋਏ ਆ
ਪਰ ਹਿੰਮਤ ਹਾਲੇ ਨਾ ਟੁੱਟੀ
ਤਾਕਤ ਹੈ ਕਦਮਾਂ ਵਿੱਚ ਸਾਡੇ
ਹਕੀਕਤ ਅੱਖ ਦੀ ਜਦ ਖੁੱਲੀ।
ਤੇਰੇ ਇਨਸਾਫ਼ ਦੀ ਗੱਲ ਤੁਰਿਆ ਸਿੱਧੂ
ਅੱਖ ਚੋਂ, ਨਦੀ ਨੀਰ ਦੀ ਡੁੱਲ੍ਹੀ।
ਬੇਸ਼ੱਕ ਅੱਜ ਦੇ ਕੁੱਝ ਕਦਮ ਰਹਿਮ ਦੇਣੇ
ਅਸਾਂ ਨੂੰ ਥੋੜ੍ਹਾ ਠਾਰਿਆ ਐ।
ਪਰ ਸਮਝ ਹੈ ਅਸਾਂ ਨੂੰ ਸਿੱਧੂ
ਸਾਹਮਣੇ ਸਾਡੇ ਖੜ੍ਹਾ ਹੈ
ਹਾਲੇ ਔਕੜੇਏ ਪਹਾੜ ਐ।

ਵਿੱਚ ਏਕੇ ਦੇ
ਹੁੰਦੀ ਐ ਬਰਕਤ
ਏਕਾ ਰੱਖਦੇ ਆਏ ਹਾਂ।
ਭਾਵੇਂ ਪੈਂਡਾ ਦੂਰ ਲਮੇਰਾ
ਪਹਿਰਾ ਰੱਖਣਾ ਸੜਕਾਂ ਤੇ।
ਇਹ ਭੀੜ ਵਿਚ ਕੌਣ ਸ਼ਾਮਿਲ ਨੇ
ਇਹ ਭੀੜ ਨਹੀਂ ਕੋਈ ਜਾਤਾਂ ਦੀ।
ਸਿੱਧੂ, ਮੈਂ ਵੇਖਿਆ ਨੇੜੇ ਜਾ ਕੇ
ਇਹ ਰੂਹਦਾਰਾਂ ਦੀ ਸੰਗਤ ਹੈ।
ਇਹ ਤੁਰਦੇ ਵਾਕ ਦੇ ਵਿਚ ਅਰਥਾਂ ਦੇ।
ਇਹ ਵਾਜਿਬ ਦਿਸਦੀ ਪੰਗਤ ਹੈ।
ਬੇਸ਼ੱਕ ਵਿੱਸਰਿਆ ਕੁੱਝ ਲਈ ਤੂੰ ਦਿਲ ਚੋ
ਪਰ ਕੁੱਝ ਕਾਗ਼ਜ਼ ਕੋਰੇ ਦਿਲ ਦੇ ਵਰਕੇ
ਜਾਂਦੇ ਲੈ ਗਿਆ ਸੰਗ ਆਪਣੇ ਨਾਲ ਐ।
ਪਰ ਸਮਝ ਹੈ ਸਾਨੂੰ
ਸਾਹਮਣੇ ਸਾਡੇ ਖੜ੍ਹਾ ਹੈ
ਹਾਲੇ ਔਕੜਏ ਪਹਾੜ ਐ।

# ਪਹਿਰਾ, ਸਿੱਧੂ ਤੇਰੀ ਸੋਚ ਉੱਤੇ।

ਕੌਮੀਅਤ ਦੇ ਸੌੜੇ ਹਿੱਤ ਦੀ,
ਸਭ ਨੂੰ ਜ਼ਹਿਰ ਪਿਲਾਈ ਜਾਂਦੀ ।
ਅਸੀਂ ਆਪਣਿਆਂ ਹੱਕ ਦੀ ਮੰਗ ਲੈ ਕੇ,
ਨਿੱਤਰ ਆਏ ਹਾਂ ਏਕੇ ਦੀ ਲਾਮ ਉੱਤੇ ।
ਸਾਡੀਆਂ ਸੱਧਰਾਂ ਜਦੋਂ ਇਨਸਾਫ਼ ਮੰਗਣ
ਅੱਗੇ ਆਉਂਦੀਆਂ
ਇਸ ਹਕੂਮਤ ਦੇ ਜ਼ੁਲਮ ਨੂੰ
ਬੇਹੱਦ ਕਹਿਣ ਲੱਗ ਜਾਂਦੀਆਂ।
ਖ਼ਾਮੋਸ਼ੀ ਨੂੰ ਤੋੜੇਂ
ਮੇਰੀ ਲਿਖਤ ਕੁੱਝ ਤੇ ਕਹੇ, ਸੰਵਾਦ ਤੇ ਰਚੇ
ਏਸੇ ਲਈ ਅਸੀਂ ਰੋਜ਼
ਖ਼ਬਰ ਬਣ ਕੇ
ਤੁਹਾਡੇ ਦਰ 'ਤੇ
ਦਸਤਕ ਦਿੰਦੇ ਰਹਿਣ।
ਅਸੀਂ ਆਖ਼ਰੀ ਸਾਹ ਤੀਕ ਡਟਾਂਗੇ।

ਤੇ ਦਿਆਂਗੇ ਪਹਿਰਾ
ਸਿੱਧੂ ਤੇਰੀ ਸੋਚ ਉੱਤੇ।
ਜਿਹੜਾ ਤੂੰ ,
ਸ਼ਬਦਾਂ ਦੇ ਰੰਗ ਨਾਲ
ਗੀਤਾ ਚ ਸੰਵਾਰਿਆ।

# ਜ਼ੁਲਮਾਂ ਨਾਲ ਟਕਰਾਉਣਾ ਸਿੱਖਲੋ ।

ਜ਼ੁਲਮ ਦੀ ਹੱਦ ਹੋਈ ਦਿਸਦੀ
 ਹਰ ਇੱਕ ਅੱਖ ਨਾਮ ਹੋਈ ਦਿਸਦੀ।
ਹਰ ਮਜ਼ਲੂਮ ਦੀ ਮਜਬੂਰੀ ਪਿੱਛੇ
 ਖ਼ੁਸ਼ੀਆਂ ਸਿਆਸਤ ਭਾਲਦੀ ਦਿਸਦੀ ।
ਥਾਂ-ਥਾਂ ਵੱਜਦੇ ਡਾਕੇ ਦਿਸਦੇ,
 ਹਕੂਮਤ ਸਾਡੀ ਸੋਈ ਦਿਸਦੀ।
ਜਿੱਥੇ ਪਿਆਰ ਦੇ ਬੂਟੇ ਲੱਗਣੇ,
 ਉੱਥੇ ਨਫ਼ਰਤ ਬੋਈ ਦਿਸਦੀ ।
ਝੂਠੇ ਬੰਦੇ , ਝੂਠੀਆਂ ਰਸਮਾਂ,
 ਨਿਰਪੱਖਤਾ ਦੁਨੀਆ ਤੋਂ ਮੋਈ ਦਿਸਦੀ।

ਪਰ ਹੁਣ ਮੈਂ ਆਪਣੇ ਸ਼ਬਦ
ਮੁੜ ਦੁਹਰਾਉਣਾ ਚਾਹੁੰਦਾ ਹਾਂ।

ਜ਼ੁਲਮਾਂ ਨਾਲ ਟਕਰਾਉਣਾ ਸਿੱਖ ਲੋ ।
ਜ਼ਮੀਰ ਆਪਣੇ ਨੂੰ ਬਚਾਉਣਾ ਸਿੱਖ ਲੋ।
ਜ਼ਿੰਦੜੀ ਛੋਟੀ ਪਰ ਆਸਾ ਵੱਡੀਆਂ
ਤਾਹੀਂ, ਕੰਮ ਕਿਸੇ ਦੇ ਆਉਣਾ ਸਿੱਖ ਲੋ ।
ਨਫ਼ਰਤ ਦਿਲ ਚੋਂ ਕੱਢ ਕੇ ਸਾਰੀ,
ਦਿਲ 'ਚ ਪਿਆਰ ਵਸਾਉਣਾ ਸਿੱਖ ਲੋ ।

ਪਾਰ ਦੁੱਖਾਂ ਤੋਂ ਲੰਘਣਾ ਜੇਕਰ,

ਹੱਕ-ਹਲਾਲੀ ਖਾਣਾ ਸਿੱਖ ਲੋ।

ਪੂਰ ਹੱਕਾਂ ਨੂੰ ਮਿਲ ਜਾਵੇਗਾ

ਸਿੱਧੂ, ਸਭ ਜਨ ਯਾਰੋ ਇਕੱਠੇ ਹੋ ਕੇ

ਹਾਂ ਦਾ ਨਾਅਰਾ ਲਾਉਣਾ ਸਿੱਖਲੋ।

# ਸਿਫਤ ਓਹਨਾ ਸਾਰਿਆ ਵੀਰ ਭੈਣਾਂ ਦੀ

ਵੇਖ ਦੇਸ਼ ਦੇ ਹਾਲਾਤ
ਯੂਥ ਜਾਂਦਾ ਵਤਨਾਂ ਤੋਂ ਦੂਰ
ਤੇ ਉਹ ਤੁਰਦੇ ਜਾ ਰਹੇ।
ਵੇਖ ਦੇਸ਼ ਅੰਦਰ ਦੁਸ਼ਵਾਰੀਆਂ
ਮਾਹੌਲ ਦਹਿਸ਼ਤ ਦਾ
ਤੇ ਮੱਥੇ ਭੰਨਦੀਆਂ ਬੇਰੋਜ਼ਗਾਰੀਆ।
ਖ਼ਾਬ ਪਲਕਾਂ ਵਿੱਚ ਨਵੇਂ ਸਜ਼ਾ
ਸਾਗਰਾਂ ਤੋਂ ਪਾਰ
ਉਹ ਤੁਰਦੇ ਜਾ ਰਹੇ।
ਪਾਠ ਉਲਟਾ ਪੜ੍ਹਾਇਆ
ਹੈ ਜਾ ਰਿਹਾ ਮਜ਼੍ਹਬ ਦਾ
ਏਕੇ ਦੀ ਥਾਂ
ਮਸਜਿਦਾਂ ਢਾਹ ਕੇ
ਮੰਦਿਰ ਬਣਵਾਏ ਜਾ ਰਹੇ।
ਕਿਵੇਂ ਵਿੱਚ ਬਹਿਸਹਤ ਦੇ
ਏਕੇ ਨੂੰ ਲਾਂਬੂ ਲਏ ਜਾ ਰਹੇ।
ਜਦ ਦਿਸਣ ਨਾ ਚੁਬਾਰੇ
ਸੁਖ ਸਾਜ ਦੇ
ਕਿਤੇ ਵੀ ਪੱਧਰਾਂ ਤੇ।
ਮਿਹਨਤ ਦਾ ਮੁੱਲ ਪਾਉਣ

ਕਾਫ਼ਲੇ ਭਰ ਭਰ
ਉਹ ਤੁਰਦੇ ਜਾ ਰਹੇ।

ਸਿੱਧੂ ਕਿੰਞ ਰੋਕਾਂ
ਉਹਨਾ ਕਾਫ਼ਲਿਆਂ ਨੂੰ
ਕੀ ਧਰਵਾਸ ਬਣਾਵਾਂ
ਅੱਜ ਦੀ ਪੀੜ੍ਹੀ ਨੂੰ।
ਵਿਰਾਸਤ ਆਪਣੀ ਨੂੰ
ਭੁੱਲਣਾ ਸੌਖਾ ਨੀ ਹੁੰਦਾ।
ਪਰ ਸਿਫ਼ਤ ਓਹਲਾ ਸਾਰਿਆ
ਵੀਰ ਭੈਣਾਂ ਦੀ
ਜੋ ਪਰ ਵਤਨਾਂ ਤੋਂ ਪਾਰ ਵੀ
ਹਾਲਾਤਾਂ ਦੇ ਬਦਲਾਅ ਲਈ
ਤੇਰੇ ਇਨਸਾਫ਼ ਲਈ
ਨੀਰ ਅੱਖਾਂ 'ਚੋ ਵਹਾ ਰਹੇ।
ਹੱਕ ਇਨਸਾਫ਼ ਦਾ ਲੈਣ ਲਈ
ਸਵਾਲ ਹਕੂਮਤ ਤੋਂ ਵਾਰ-ਵਾਰ ਉਠਾ ਰਹੇ।
ਦਿੱਸਣ ਮੈਨੂੰ
ਕਾਫ਼ਲੇ ਭਰ-ਭਰ
ਉਹ ਵੀ ਨਾਲ ਤੁਰਦੇ ਆ ਰਹੇ।

# ਸੋਚਿਓ ਜ਼ਰਾ

ਸੋਚਿਓ ਜ਼ਰਾ

ਅੱਜ ਐਵੇਂ ਨਾ ਟਾਲੋ

ਤੁਸੀਂ ਹਾਸੀ ਚ।

ਅੱਜ ਵੇਖਦਾ ਚੈਨਲਾਂ ਤੇ

ਗਾਉਣ ਵਾਲਿਆਂ ਹੱਦ ਮੁਕਾਈ।

ਨਾ ਕੋਈ ਢੰਗ ਦੀ ਗੱਲ ਸੁਣਾਈ।

ਕਿੱਥੇ ਗਈ ਸਾਦਗੀ ਤੇ

ਕਿੱਥੇ ਐ ਲੋਕ ਭਲਾਈ।

ਬੇਨਤੀ ਸਾਰੇ ਕਲਾਕਾਰਾਂ ਨੂੰ

ਗਾਇਕੀ ਨੀ ਹੁੰਦੀ ਆਦਤ

ਹਮੇਸ਼ਾ ਹੀ ਨੱਚਣ ਗਾਣੇ ਦੀ।

ਕਿੰਝ ਕੁੜੀਆਂ ਨੂੰ ਮਾੜਾ ਬੋਲਦੇ ਵੇਖਾਂ

ਕਿੰਝ ਪੈਸੇ ਨਾਲ ਮੈਂ ਤੋਲਦੇ ਵੇਖਾਂ

ਤੁਹਾਡੇ ਕੰਜਰ ਸ਼ਬਦਾਂ ਬਦੌਲਤ

ਕਿਉਂ ਆਬਰੂ ਉਹਨਾਂ ਦੀ ਰੁਲਦੀ ਵੇਖਾਂ।

ਕਿਉਂ ਮਿੱਟੀ ਚ ਰੁਲਦਾ

ਸਭਿਆਚਾਰ ਮੈਂ ਵੇਖਾਂ।

ਸੋਚਿਓ ਜ਼ਰਾ।

ਕੀ ਲਿਖਦਾ ਓ, ਤੁਸੀਂ ਕੀ ਗਾਉਂਦਾ ਓ,

ਤੁਸੀਂ ਸਮਾਜ ਤੇ ਕੀ ਪਰ ਭਾਵ ਪਾਉਂਦੇ ਓ।

ਇਸ ਗੱਲ ਨੂੰ ਗ਼ੌਰ ਨਾਲ
ਸੋਚਿਓ ਜ਼ਰਾ।
ਤੁਸੀਂ ਵੀ ਛੇੜੋ ਕੋਈ ਐਸੀਆਂ ਤਾਰਾਂ,
ਗੂੰਜਣ ਸੂਰਮਿਆਂ ਦੀਆਂ ਵਾਰਾਂ।
ਰਸ ਲੋਕ ਗਾਇਕੀ
ਹਮੇਸ਼ਾ ਅਮਰ ਰਹਿਣਾ
ਮੰਨਿਆ ਮੈਂ ਸਮਾਂ ਸਾਦਗੀ ਦਾ
ਨਹੀਂ ਰਹਿਣਾ।
ਪਰ ਮੈਥੋਂ ਸਿਫ਼ਤ ਨੀ ਹੁੰਦੀ
ਥੋਡੀ ਚਲਾਕੀ ਦੀ।
ਲੱਚਰ ਗੀਤ ਨੂੰ
ਨਾਮ ਦੇਣਾ ਬੇਬਾਕੀ ਦੀ।
ਗੀਤ ਤੇਰੇ ਸਿੱਧੂ
ਇਸ ਦਿਲ ਨਾਲ ਜੁੜ ਦੇ ਨੇ।
ਤੇਰੀ ਲਿਖਤ ਸਹਾਇਤਾ ਕਰਦੀ ਵੇਖਾਂ
ਹਰ ਲਿੱਸੇ ਤੇ ਜਰਵਾਣੇ ਦੀ।

## ਜੇਕਰ ਬੋਲ ਕੱਢੇ ਮੁਮਕਿਨ ਦਾ ਤਾਂ ਸ਼ਾਯਦ ਅਸਾਨ ਹੁੰਦੇ ਰਸਤੇ।

ਅਸਾਂ ਚਲਣਾ ਸਿਰਾਂ ਦੇ ਭਾਰ
ਕਿਉਂਕਿ ਮੰਜ਼ਿਲ ਅਹਿਮ ਹੈ ਸਾਨੂੰ।
ਤੁਸੀਂ ਹੋ ਮੁਹਤਾਜ ਪੈਰਾਂ ਦੇ
ਤਾਂ ਤੁਸਾਂ ਲਈ ਲਾਜ਼ਮੀ ,ਬਣੇ ਨੇ ਰਸਤੇ।
ਕਤਲ ਜੋ ਹੋਇਆ
ਉਹਦੀ ਸਾਰ ਲਈ ਕਿਸੇ ਨਾ।
ਦਗ਼ਾ ਦੇਣ ਵਾਲਿਆਂ ਨੂੰ
ਬਥੇਰੇ ਹੋਰ ਵੀ ਨੇ ਰਸਤੇ।
ਕੁੱਝ ਵੀ ਕਹਿ ਸਕਦਾ ਹੈ
ਅਖੀਰ ਹਾਕਮ ਹੈ ਉਹ ਮੁਲਕ ਦਾ।
ਜੇਕਰ ਬੋਲ ਕੱਢੇ ਮੁਮਕਿਨ ਦਾ
ਤਾਂ ਸ਼ਾਇਦ ਆਸਾਨ ਹੁੰਦੇ ਰਸਤੇ।
ਵਡੇਰਾ ਹੌਸਲਾ ਰੱਖ ਕੇ
ਸੁਲਝਣ ਦੀ ਲੋੜ ਹੈ ਸਾਨੂੰ।
ਸਾਡੇ ਪੈਰਾਂ ਵਿਚ ਅਕਸਰ ਹੀ
ਉਲਝਾਏ ਜਾਂਦੇ ਰਸਤੇ।
ਸਿੱਧੂ ਤੇਰੇ ਲਫ਼ਜ਼ਾਂ ਦੀ ਪੀੜ ਨੂੰ
ਕਿਸੇ ਨੇ ਮਹਿਸੂਸਿਆ ਤਾਂ ਹੋਣਾ

ਕਿਉ ਲੈ ਜਾਣ ਤੇਰੇ ਦਰ ਵਲ

ਅਸਾਂ ਨੂੰ ਇਹ ਅਜਨਬੀ ਜੇ ਰਸਤੇ।

# ਆਹ ਬੱਦਲੀ ਅੰਬਰ ਨਿਸਰੇਗਾ

ਹੈ ਹਾਕਮਾਂ ਦੀ ਮਰਜ਼ੀ
ਤੂੰ ਲੜਦਾ ਰਹੇਂ, ਤੂੰ ਮਰਦਾ ਰਹੇਂ।
ਧਰਮ, ਕਾਨੂੰਨ, ਜ਼ਾਤ ਦੇ
ਇੱਕ ਸਰੱਬਤ ਹੋਣ ਦਾ ਵਿਚਾਰ
ਤੂੰ ਚੁੱਕਦਾ ਰਹੇਂ, ਤੂੰ ਧਰਦਾ ਰਹੇਂ।
ਕਿਰਤ ਲੁਟਾਉਣ ਵਾਲ਼ਿਓਂ
ਸਾਰੇ ਇੱਕ ਹੋ ਜਾਓ
ਇਨਸਾਫ਼ ਦੀ ਲੋਅ ਜਗਾਉਣ ਵਾਲ਼ਿਓਂ
ਸਾਰੇ ਇੱਕ ਹੋ ਜਾਓ।

ਕੀਹਨੇ ਉਸਾਰੀਆਂ
ਉਹ ਉੱਚੀਆਂ ਬਾਰੀਆਂ,
ਤੁਸਾਂ ਨੇ ਉਸਾਰੀਆਂ
ਇਹ ਉੱਚੀਆਂ ਬਾਰੀਆਂ
ਬਖ਼ਸ਼ੀਆਂ ਇੱਜ਼ਤ
ਸ਼ੋਹਰਤ ਨਿਆਰੀਆਂ।
ਤਾਂ ਸਾਰੇ ਇੱਕ ਹੋ ਜਾਓ।

ਗੁਰੂਆਂ ਦਾ ਕਹਿਣਾ

ਯਾਰੋ ਤੁਹਾਨੂੰ ਜੇ ਪਿਆਰਾ ਏ,

"ਕਿਰਤ ਕਰਨੀ ਵੰਡ ਛਕਣਾ"

ਤੁਹਾਡਾ ਜੇ ਨਾਅਰਾ ਏ।

ਹੱਦਾਂ ਦੀ ਗੱਲ ਪੱਲੇ ਨਾ ਬੰਨ੍ਹੋ,

ਸੁਣੋ ਉਹਦੇ ਮਾਪਿਆ ਦੀਆਂ ਚੀਕਾਂ ।

ਆਉ ਚੱਲੀਏ ਹਾਕਮਾਂ ਦੇ ਦਰ ਤੇ

ਤਾਹੀਂ ਤਾਂ ਸਿੱਧੂ ਹੌਲੀ-ਹੌਲੀ

ਆਹ ਬੱਦਲੀ ਅੰਬਰ ਨਿੱਸਰੇਗਾ ।

ਤਾਂ ਸਾਰੇ ਇੱਕ ਹੋ ਜਾਓ।।

# ਯਾਦ ਰੱਖ ਮੇਰੇ ਸ਼ਬਦਾਂ ਨੂੰ

ਬੱਗੀਆਂ ਤੂੰ ਰੁਕ ਨਾ,
ਕਿ ਨਿੱਤ ਦੇ ਮੁਸਾਫ਼ਰ ਲਈ
ਨਿਰਾਸ਼ਾ ਦੇ ਸੁਣਦੇ ਸ਼ਬਦ
ਕਦੇ ਢੁੱਕਦੇ ਨੀ ਹੁੰਦੇ।
ਪਹਾੜਾਂ ਦੀ ਛਾਤੀ ਨੂੰ
ਚੀਰ ਕੇ ਰਾਹ ਬਣਾਉਣ ਵਾਲੇ ਸੋਮੇ
ਝੀਲਾਂ ਤੱਕ ਪਹੁੰਚ ਕਰਦਿਆਂ
ਕਦੇ ਸੁੱਕਦੇ ਨੀ ਹੁੰਦੇ।
ਮੈਂ ਮੰਨਦਾ ਹਾਂ
ਮੰਜ਼ਿਲ ਹੈ ਮੇਰੀ ਦੂਰ ਦੁਰਾਡੇ ਕਿਤੇ।
ਥਕੇਵਾਂ ਮੇਰੀ ਰੰਗਤ ਨੂੰ
ਸ਼ਾਇਦ ਚੜ੍ਹਿਆ ਵੀ ਹੋਣਾ।
ਤੇ ਮੇਰੀ ਮਨ ਦਾ ਅੜੀਅਲ
ਤੇ ਬੇਬਾਕ ਘੋੜਾ
ਕਈ ਵਾਰ ਰਸਤੇ ‘ਚ
ਅੜਿਆ ਵੀ ਹੋਣਾ।
ਪਰ ਯਾਦ ਰੱਖ ਮੇਰੇ ਸ਼ਬਦਾਂ ਨੂੰ
ਟੱਪੇ ਬਿਨਾ ਰੁਕਾਵਟ
ਰਵਾਨੀ ਨਹੀਂ ਹੁੰਦੀ।
ਮੁਸ਼ਕਿਲ ਕਦਮਾਂ ਨੂੰ

ਜੇ ਆਪਣੇ ਪੈਰਾਂ ਭਾਰ ਚੱਲ ਕੇ
ਵਧਿਆ ਨਾ ਜਾਵੇ।
ਜਵਾਨੀ ਇਹੋ ਹੀ,
ਫੇਰ ਜਵਾਨੀ ਨਹੀਂ ਹੁੰਦੀ।
ਸਿੱਧੂ, ਤੂੰ ਲਾ ਹੌਸਲੇ
ਮਾਰ ਪੱਟਾਂ ਤੇ ਥਾਪੀ
ਮੁਸੀਬਤ ਨੂੰ ਕਹਿ ਤੈਨੂੰ ਢਾਹ ਕੇ ਹਟਾਂਗਾ।
ਤੁਫਾਨਾਂ ਨੂੰ ਕਹਿ
ਕਿ ਵੱਧ-ਵੱਧ ਕੇ ਆਓ ਮੇਰੇ ਤੀਕਰ,
ਮੈਂ ਕਿਸ਼ਤੀ ਕਿਨਾਰੇ ਤੇ, ਲਾ ਕੇ ਹਟਾਂਗਾ।
ਮੈਂ ਤੇਰੇ ਹੱਕ ਲਈ ਲਈ ਲੜਿਆ ਹਾਂ
ਤੇ ਲੜਦਾ ਰਹਾਂਗਾ।
ਇਨਸਾਫ਼ ਮੰਗ ਦੀ ਹਕੂਮਤਾਂ ਅੱਗੇ
ਦੁਹਰਾਉਂਦਾ ਹਾਂ।
ਤੇ ਅੱਜ ਫੇਰ ਦੋਹਰਾ ਕੇ ਹਟਾਂਗਾ।

# ਹੌਂਕੇ ~ ਹੰਝੂਆਂ ਨਾਲ ਬਲਦੀ, ਉਸ ਸ਼ਮਸ਼ਾਨ ਦੀ ਗੱਲ ਲਿਖੀਏ।

ਧਰਤੀ ਦੇ ਜੰਮਪਲ
ਹੁਣ ਜ਼ਮੀਨਾਂ ਲਈ ਲੜਦੇ ਦਿਸਦੇ।
ਪੰਜਾਬ ਦੇ ਪੰਜ ਆਬਾਂ ਦਾ
ਅੰਮ੍ਰਿਤ  ਪੀ ਕੇ ਵੀ
ਏਸੇ ਨੂੰ ਦੂਸ਼ਿਤ ਤੇ
ਅਣਗੌਲਿਆ ਕਰਦੇ ਦਿਸਦੇ।
ਪਰ ਮੈਂ ਗੱਲ ਕਰਨਾ,
ਅੱਜ ਸਮੇਂ ਦੇ ਹਾਲ਼ਾ ਤਾਂ ਦੀ,
ਦਹਿਸ਼ਤ ਨਾਲ ਭਰੇ ਕਾਲੇ ਦਿਨਾਂ
ਤੇ ਨਸ਼ੇ ਚ ਡੁੱਬੀਆਂ ਰਾਤਾਂ ਦੀ।
ਦੁਨੀਆ ਬਦਲਣ ਦਾ
ਕੋਈ ਢੰਗ ਸਿਰਜੀਏ।
ਕੁੱਝ ਸ਼ਬਦ ਦਿਓ ਕੋਈ ਮੈਨੂੰ
ਅੱਜ ਇੱਕ ਵੱਖਰੀ ਕਵਿਤਾ ਲਿਖੀਏ ।
ਸੁੱਤੇ ਸੰਸਾਰ ਨੂੰ ਜਗਾਉਣ ਲਈ
ਆਪਾਂ ਤਾਂ ਜਾਗੀਏ।
ਆਵੋ ਪਿਆਰ ਤੇ ਸਾਂਝ ਨਾਲ ਭਰਿਆ
ਪਾਠ ਇੱਕਮਿਕਤਾ ਦਾ ਲਿਖੀਏ।

ਲੁਟੇਰਿਆਂ ਦੇ ਉੱਚੇ ਮੁਨਾਰੇ ਵੇਖੇ ਕੇ
ਟੁੱਟਦੇ ਕਿਰਤੀਆਂ ਦੇ ਕੱਚੇ ਢਾਰੇ ਲਿਖੀਏ।
ਭੁੱਖਮਰੀ, ਗ਼ਰੀਬੀ ਤੇ ਬੇਰੁਜ਼ਗਾਰੀ ਵਿਚ
ਤੜਫ਼ਦੇ ਮੁਜ਼ਲੂਮਾਂ ਦੀ ਗੱਲ ਲਿਖੀਏ।
ਹੌਕੇ-ਹੰਝੂਆਂ ਨਾਲ ਬਲਦੀ,
ਉਸ ਸ਼ਮਸ਼ਾਨ ਦੀ ਗੱਲ ਲਿਖੀਏ।
ਸਿੱਧੂ, ਚਿੱਟੇ ਦਿਨ ਹੁੰਦੀ ਦਹਿਸ਼ਤ ਬਾਰੇ ਸੋਚੀਏ
ਤਾਂ ਇੱਕਜੁੱਟ ਹੋ ਕੇ ਇਨਸਾਫ਼ ਅੱਜ ਦੀ ਗੱਲ ਲਿਖੀਏ।

# ਸਭਿਆਚਾਰ ਹੋਇਆ ਅਲੋਪ ਵੀਰੋ

ਸਭਿਆਚਾਰ ਹੋਇਆ ਅਲੋਪ ਵੀਰੋ
ਸਤਿਕਾਰ ਵੀ ਹੋਇਆ ਅਲੋਪ।
ਹੱਥ ਬੰਨ੍ਹ ਕੇ ਬੇਨਤੀ ਸਾਰਿਆ ਨੂੰ
ਜੇਕਰ ਰੋਕ ਹੋਵੇ, ਤਾਂ ਰੋਕ।

ਲੱਭਦੀ ਹੁਣ ਨਹੀਂ ਸਾਂਝ ਪੁਰਾਣੀ,
ਯੂਥ ਨੇ ਫੋਕੇ ਫ਼ੈਸ਼ਨ ਪਾਲੇ।
ਫੁਲਕਾਰੀ ਸਿਰ ਤੋਂ ਜਾਵੇ ਗੁਆਚੀ
ਪੰਜਾਬੀ ਗੱਭਰੂ ਨਸ਼ਿਆਂ ਨੇ ਗਾਲ਼ੇ।
ਬੇਰੁਜ਼ਗਾਰੀ ਜਦ ਘਰ ਨੂੰ ਵੱਡੇ।
ਕਾਬਿਲ ਯੂਥ ਵਿਦੇਸ਼ ਨੂੰ ਭੱਜੇ।
ਲੀਡਰ ਚੰਗੇ (ਅੱਛੇ) ਦਿਨਾਂ ਦਾ ਲਾਰਾ ਲਾ ਕੇ,
ਅੱਖਾਂ ‘ਚ ਮਿੱਟੀ ਦੇਵਨ ਝੋਕ।
ਜੇਕਰ ਰੋਕ ਹੋਵੇ, ਤਾਂ ਰੋਕ।

ਸਿੱਧੂ, ਚਿੱਟੇ ਦਿਨ ਦਹਿਸ਼ਤ ਦੇ ਗੱਜਣ
ਵਿਚ ਸ਼ਮਸ਼ਾਨਾਂ, ਸਿਵਿਆਂ ਦੀਆ ਲਾਟਾਂ ਮੱਚਣ।
ਇਨਸਾਫ਼ ਨੂੰ ਕੋਈ ਨਾ ਅੱਗੇ ਆਵੇ
ਕਲਮਾਂ ਵਾਲੇ ਲਿਖ-ਲਿਖ ਦੱਸਣ।
ਰੂਹ ਪੰਜਾਬ ਦੀ ਉਹ ਨਾ ਰਹਗੀ,

ਸ਼ਾਨ ਸਿਦਕ ਦੀ ਪੈਗੀ ਮੱਧਮ।
ਚੁੱਪ ਰਹੋ ਤਾਂ ਬਖ਼ਸ਼ੇ ਜਾਣਾ
ਲਹੂ ਲੁਹਾਨ, ਜੇ ਬੋਲ ਹੱਕ ਲਈ ਕੱਢਣ।
ਲੋਕਾਂ ਦੀ ਮੱਤ ਗਈ ਹੈ ਮਾਰੀ
ਅੱਜ ਸੱਚ ਨੂੰ ਲੋਕੀ ਮਾਰਨ ਢੋਕ।
ਜੇਕਰ ਰੋਕ ਹੋਵੇ, ਤਾਂ ਰੋਕ।।

# ਸੰਘਰਸ਼ ਕਰੋ ਘਬਰਾਓ ਨਾ।

ਆਪਣੇ ਅਸਲੀ ਚਿਹਰੇ ਨੂੰ ਛੁਪਾਉਣ ਖ਼ਾਤਰ
ਸੌ ਮਖੌਟੇ ਲਾ ਲੈਣਗੇ
ਚਰਿੱਤਰ ਸਮਝ ਲਓ ਨੇਤਾਵਾਂ ਦਾ
ਵੋਟ ਪਾਉਣ ਤੋਂ ਪਹਿਲਾਂ।
ਯੂਥ ਨੂੰ ਅਸੱਭਿਅਕ ਤੇ ਨਸ਼ੇੜੀ
ਵੀ ਬਣਾ ਸਕਦੇ ਨੇ
ਸਟੇਜਾਂ ਨੂੰ ਚੁੰਮ ਕੇ ਚੜ ਮੱਥੇ
ਗਾਇਕੋ , ਸੋਚ ਲਿਆ ਕਰੋ
ਕੋਈ ਲੱਚਰ ਗੀਤ
ਇੱਕ ਵਾਰ ਗਾਉਣ ਤੋਂ ਪਹਿਲਾਂ।
ਬੇਸ਼ੱਕ ਹੋਣ ਵੱਡੀਆਂ ਗੱਡੀਆਂ ਤੇ
ਵੱਡੇ ਮੁਨਾਰੇ ਮਿਹਨਤ ਸਦਕਾ
ਪਰ ਆਪਣੀ ਹਸਤੀ ਬਾਰੇ ਵੀ
ਦੋ ਪਲ ਬੈਠ ਕੇ ਸੋਚ ਲਿਆ ਕਰੋ
ਕਿਸੇ ਗ਼ਰੀਬ  ਦੀ ਮਿਹਨਤ ਨੂੰ
ਮਿੱਟੀ ਚ ਦਬਾਉਣ ਤੋਂ ਪਹਿਲਾਂ।
ਸੰਘਰਸ਼ ਕਰੋ ਘਬਰਾਓ ਨਾ
ਔਕੜਾਂ ਆਉਣੀਆਂ ਇਨਸਾਫ਼ ਦੇ ਰਾਹ ਵਿੱਚ
ਪਰ ਸਿੱਧੂ, ਅੱਜ ਵੀ ਖੜ੍ਹੇ ਨੇ

ਲੰਮੇ ਕਾਫ਼ਲੇ ਵਿਚ ਮੈਦਾਨੇ।

ਇੱਕ ਵਾਰ ਫੇਰ ਬੇਬੇ ਬਾਪੂ ਦੇ ਵਿਰਲਾਪ

ਨੂੰ ਸਮੇਟ ਲਓ ਮੰਨ 'ਚ।

ਢੇਰੀ ਹਿੰਮਤ ਦੀ

ਆਪ ਢਾਉਣ ਤੋਂ ਪਹਿਲਾਂ।

# ਅੰਤ ਤੱਕ

ਬੇਸ਼ੱਕ ਤੁਸੀਂ ਤਾਂ ਤੁਰਨਾ,

ਛੋਟੇ ਸੋਚ ਦੀਆ ਰਾਹਾਂ ਤੇ,

ਪਰ ਮੈਂ ਹਾਂ ਇਨਕਲਾਬੀ

ਸੋਚ ਦਾ ਹੰਢਿਆ

ਮੁਸ਼ਕਿਲ ਰਾਹਾਂ ਤੇ

ਚੱਲਣ ਦਾ ਦਾਅਵਾ ਕਰਦਾਂ ਹਾਂ।

ਨਹੀਂ ਹੈ ਕਰਨੀ ਥੋੜ੍ਹੇ ਵਾਂਗਰਾਂ

ਅਮੀਰਾਂ, ਲੀਡਰਾਂ, ਬਦਮਾਸ਼ਾਂ

ਦੀ ਚਾਪਲੂਸੀ।

ਕੁੱਲੀਆਂ ਚ ਪੱਲੇ ਗਰੀਬਾਂ ਨਾਲ

ਖੜਨੇ ਦਾਅ ਵਾ ਕਰਦਾਂ ਹਾਂ।

ਮੈਨੂੰ ਨਹੀਂ ਹੈ ਆਉਂਦਾ

ਕਿਸੇ ਸੌੜੇ ਝੂਠ ਦੇ ਹਿਤ ਖ਼ਾਤਰ

ਆਪਣੇ ਸਵੈ ਮਾਣ ਨੂੰ ਤਿਆਗਣਾ।

ਮੈਂ ਹੱਕ ਤੇ ਸੱਚ ਕਮਾਈ ਵਿਚ

ਠਿੱਲ੍ਹਣ ਦਾ ਦਾਅਵਾ ਕਰਦਾਂ ਹਾਂ।

# ਹਾਲਾਤ ਹਾਲੇ ਵੀ ਬਹੁਤੇ ਬਦਲੇ ਨਹੀਂ।

ਮੈਂ ਗੱਲ ਕਰਦਾ ਦੋਹਾਂ ਦੇਸ਼ਾਂ ਤੇ ਦਰਵੇਸ਼ਾਂ ਨੂੰ।
ਸੁਣ ਲਓ  ਦੁਖੀ ਜਨਤਾ ਦੀਆਂ ਧਾਹਾਂ ਨੂੰ।
ਜੇਕਰ ਰਹਿੰਦੇ ਰਲ਼ਕੇ ਹੁਣ ਤਾਈਂ,
ਨਾਮ ਜੱਗ ਵਿਚ ਹੁਣ ਤਾਈਂ ਕਮਾ ਲੈਂਦੇ।
ਜ਼ਮੀਨ ਦੇ ਟੁਕੜੇ ਖ਼ਾਤਰ ਭੀੜ ਦੇ ਹੋ।
ਸ਼ਾਇਦ ਕਸ਼ਮੀਰ ਹੀ ਕਈ ਬਣਾ ਲੈਂਦੇ।
ਸੋਚੋ, ਸਾਨੂੰ ਧਰਮਾਂ ਦੇ ਵਿਚ ਵੰਡਿਆ ਸੀ
ਕਲਾ ਬਟਵਾਰਾ ਖ਼ਿਆਲ ਅਵਾਮੀ ਸੀ।
47 ਮਗਰੋਂ ਦੇਸ਼ ਆਜ਼ਾਦ ਹੋਏ
ਪਰ ਯਾਦ ਹੈ ਗਿਰਝਾਂ
ਖੁੰਦ ਦੀਆ ਲੋਥਾਂ ਦੀ।
ਵਿਰਲਾਪ ਚ ਹੰਝੂ ਡੋਲਦੀ ਮਾਤਾ ਸੀ
ਕਿੱਥੇ ਭੈਣ ਦੀ ਲੁੱਟਦੀ ਅਸਮਤ ਸੀ।
ਪਰ ਚੇਤਾ ਥੋਨੂੰ ਹੋਣਾ ਨਹੀਂ।
ਹਾਲਾਤ ਹਾਲੇ ਵੀ ਬਹੁਤੇ ਬਦਲੇ ਨਹੀਂ।
ਕਤਲ ਹਾਲੇ ਵੀ ਇਨਸਾਨੀਅਤ ਦਾ ਅਹਿਦ ਹੁੰਦਾ।
ਸਿੱਧੂ, ਕੋਈ ਹੱਕ ਨੂੰ ਅੱਗੇ ਆਉਂਦਾ ਨਹੀਂ ।
ਕਹਿਣ ਨੂੰ ਉੱਚੇ ਸਿਦਕੀ ਹਾਂ,
ਪਰ ਲੋਕ ਲੋਭ ਦੀ ਮੰਡੀ ਵਿਕਦੇ ਨੇ।
ਅਲਫ਼ਾਜ਼ ਮੇਰੇ ਕੌੜੇ ਨੇ।

ਪਰ ਢੁਕਦੀ ਗਲ ਹੀ ਲਿਖਦੇ ਨੇ।
ਆਓ ਰਲ ਕੇ ਹੁਣ ਇਨਸਾਫ਼ ਮੰਗੀਏ
ਦੇਸ਼ ਦੀਆਂ ਸਰਕਾਰ ਤੋਂ।

ਕਾਸ਼ ਰਲ ਕੇ ਆਪਾ ਤੋੜ ਦਿੰਦੇ
ਸਰਹੱਦ 'ਤੇ ਲੱਗੀਆਂ ਤਾਰਾ ਨੂੰ।
ਐ ਬੇਨਤੀ ਮੁਖ਼ਾਤਬ ਕਰਦਾ ਹਾਂ
ਜਮਹੂਰੀਅਤ ਤੇ ਹੁਕਮਰਾਨਾਂ ਨੂੰ।

# ਦੋ ਘੜੀਆਂ

ਧਰਮ ਬਾਰੇ ਗੱਲ ਕਰੀਏ
ਹਾਲੇ ਇੰਨੇ ਵੱਡੇ ਨੀ ਹੋਏ।
ਮੁਹੱਬਤ ਦੀ ਗੱਲ ਜੇਕਰ ਕਰਦੇ
ਤਾਂ ਸ਼ਾਇਦ ਗਿਲੇ ਸ਼ਿਕਵੇ ਦੂਰ ਹੋ ਜਾਂਦੇ।
ਪਰ ਰਾਜਨੀਤੀ ਤੇ ਹਮੇਸ਼ਾ
ਗੰਦੀ ਖੇਡ ਬਣੀ ਰਹੀ ਹੈ।
ਛੱਡ ਤੂੰ ਤੇ ਮੈਂ
ਦੋ ਘੜੀਆਂ ਕੋਲ ਹੀ ਬਹਿਣਾ ਹੈ।
ਕੁੱਝ ਸਕੂਨ ਲੱਭੀਏ ਭਟਕਣ ਚੋ।
ਚੱਲ ਇੱਕ ਦੂਜੇ ਦੀ ਚੁੱਪ ਹੀ ਸੁਣ ਲਈਏ।
ਆ ਚੱਲ, ਕੋਈ ਹੋਰ ਗੱਲ ਕਰੀਏ।

# ਗੁਮਨਾਮ ਤੇਰੇ ਨਾਂ ਦੇ ਵਿਚ,

ਗੁਮਨਾਮ  ਤੇਰੇ ਨਾਂ ਦੇ ਵਿਚ,
ਕਈ ਨਾਮ ਪੈ ਨੇ ਖਪਦੇ ।
ਭਰ ਦੁਨੀਆ ਚ ਲੋਕ
ਤੇਰੇ ਨਾਮ ਦੀ,
ਪਈ ਸਿਫ਼ਤਾਂ ਨੂੰ ਜਪਦੇ।
ਸੀਨੇ ਤੇਰੇ ਅੰਦਰ,
ਲਹਿਰ  ਇੱਕ ਦਰਦਾਂ ਦੀ ਵਗਦੀ।
ਤਾਹੀਓਂ ਟੱਕਰ ਤੇਰੀ ਹਮੇਸ਼ਾ ਸਿੱਧੂ
ਹਕੂਮਤਾਂ ਦੇ ਨਾਲ ਲੱਗਦੀ।
ਦਿੰਦਾ ਏ ਤੂੰ ਸਾਰ ਸਾਨੂੰ
ਅਮਲੀ ਕਿਤਾਬਾਂ ਦਾ।
ਕੁੱਝ ਹਿੱਸਾ ਦੀਆਂ ਜੋਤਾਂ,
ਜੋੜ ਜੀਵਨ ਤੇ ਵਿਵਾਦਾਂ ਦਾ ।
ਰੱਬ  ਦਾ ਵਾਸਤਾ ਲੋਕੋ,
ਆਪਣੇ ਫ਼ਰਜ਼ਾਂ ਨੂੰ ਨਾ ਭੁੱਲਿਓ ।
ਓਹਦੇ ਗੀਤ ਓਹਦੇ ਲਫ਼ਜ਼ਾਂ
ਦੀ ਗੰਢ ਆਪਣੇ ਦਿਲਾਂ ਨਾਲ ਜੋੜਿਓ।
ਲੈਕੇ ਮੰਗ ਇਨਸਾਫ਼ ਦੀ
ਹੁਣ ਆਪਾ ਯਾਰੋ ਅੱਗੇ ਆਓ ।

ਚੰਦ ਘੜੀਆਂ ਦੀ ਐ ਜ਼ਿੰਦਗੀ
ਕੁੱਝ ਕਰ ਕੇ ਵਿਖਾਓ।
ਜੇਕਰ ਰੱਖਣਾ ਜ਼ਮੀਰ ਨੂੰ ਹੈ ਜ਼ਿੰਦਾ
ਤਾਂ ਆਵਾਜ਼ ਮਿਲ ਕੇ ਉਠਾਓ ।

# ਮਸ਼ਾਲ ਹੱਥ ਚੁੱਕ

ਖੋਰ ਦੇਵੇਗੀ
ਬੁਨਿਆਦ ਤੁਹਾਡੇ ਰਾਜ ਦੀ
ਨਿਰਦੋਸ਼ ਦੇ
ਹੰਝੂਆਂ ਦੀ ਵਾਛੜ ਤੋਂ ਡਰੋ।
ਅੱਜ ਕਿਰਤ ਦੀ ਥਾਂ
ਕਿਰਤੀ ਨੂੰ ਬਾਜ਼ਾਰ 'ਚ
ਵਿਕਦਾ ਦੇਖ ਰਿਹਾ।
ਭੁੱਖੇ ਬੱਚਿਆਂ ਨੂੰ ਰੋਟੀ ਲਈ
ਕੁਰਲਾਉਂਦਾ ਵੇਖ ਰਿਹਾ।
ਬੇਸ਼ੱਕ ਖੋਹ ਕੇ ਖਾਂਦੇ ਨੇ ਓ ਰੋਟੀ
ਪਰ ਅਜੋਕੇ ਪਾਪ ਨੂੰ ਵਾਹੋ ਵਾਹ
ਫਲ਼ਦੇ ਵੇਖ ਰਿਹਾ।
ਰੌਸ਼ਨੀ ਤਾਂ ਮਿਲੇਗੀ
ਸਬਰ ਨਾਲ ਇਨਸਾਫ਼ ਦੀ
ਦੀਪ ਆਸਾਂ ਦੇ ਨਿੱਤ ਜੋ ਬਾਲੇ ਨੇ ਆਪਾ।
ਲੋਕ ਨੂੰ ਮਸ਼ਾਲ ਹੱਥ ਚੁੱਕੀ ਸਿੱਧੂ
ਰਾਹਾਂ ਚ ਤੁਰਦੇ ਵੇਖ ਰਿਹਾ।

## ਉਨ੍ਹਾਂ ਇੱਜ਼ਤਦਾਰ ਲੋਕਾਂ ਤੋਂ ਹੋ ਕੇ ਖ਼ਫ਼ਾ ਲਿੱਖ ਰਿਹਾਂ

ਗੁੜ ਦੀ ਰੋੜੀ ਜਿਹਾ
ਵਜੂਦ ਨਹੀਂ ਸਾਡਾ,
ਪਿੱਪਲ ਹਾਂ,
ਪੱਥਰਾਂ ਚੋਂ ਆਪਣਾ
ਆਪ ਉਗਾ ਆਇਆਂ ।
ਮੋਢਾ ਦੇਣੇ ਨੂੰ ਚਾਰ ਲੋਕਾਂ
ਦੀ ਪਰਵਾਹ ਨਹੀਂ,
ਕਲਮ ਸੱਚ ਦੀ
ਰਗਾਂ ਤੇ ਟਿਕਾ ਆਇਆਂ।

ਹੁਕਮਰਾਨਾਂ ਦੀ ਤਾਂ ਮੱਕਾਰੀ
ਪਰ ਚਲਕਿਬਾਜਾਂ ਦੀ ਨੂੰ ਲਲਕਾਰ,
ਇਸ ਕਰਦੇ ਨੂੰ ਮੈਂ
ਸਾਜ਼ਿਸ਼ ਨੂੰ ਸਾਜ਼ਿਸ਼
ਤੇ ਹਾਦਸੇ ਨੂੰ ਹਾਦਸਾ
ਦੱਸਣੇ ਦਾ ਹੁਨਰ ਲਿਖ ਰਿਹਾ।

ਕਿੰਨਾ ਸੀ ਬੁਜ਼ਦਿਲ ਜੋ ਤੇਰੇ
ਨਾਲ ਹੀ ਮਰ ਗਏ।

ਜੀਅ ਕਿਉਂ ਨਾ ਸਕੇ?

ਬੋਲ ਇਨਸਾਫ਼ ਦਾ ਮੂੰਹੋਂ

ਕੱਢ ਕਿਉਂ ਨਾ ਸਕੇ?

ਇਹੋ ਜਿਹਿਆਂ ਤੋਂ ਹੋ ਕੇ

ਖ਼ਤਾ ਲਿਖ ਰਿਹਾ ।

ਉਨ੍ਹਾਂ ਇੱਜ਼ਤਦਾਰ ਲੋਕਾਂ ਤੋਂ ਹੋ ਕੇ

ਖ਼ਫ਼ਾ ਲਿਖ ਰਿਹਾ।

ਹਾਸ਼ੀਏ ਤੇ ਚਲੇ ਗਏ ਲੋਕਾਂ ਦੀ

ਕਥਾ ਲਿਖ ਰਿਹਾ।

# ਭਿਆਨਕ ਸੁਪਣੇ ਗੱਲ ਘੁੱਟਦੇ ਨੇ ਮੇਰਾ। Part-1

ਜੇ ਮੈਂ ਸੌਂ ਜਾਂਦਾ ਹਾਂ ਤਾਂ
ਭਿਆਨਕ ਸੁਪਨੇ ਗਲ ਘੁੱਟਦੇ ਨੇ ਮੇਰਾ।
ਗ਼ਰੀਬ ਕਿਰਤੀ ਦਾ ਫਾਹਾ ਲਾ ਲੈਣਾ
ਸਰਕਾਰ ਤੇ ਅਖ਼ਬਾਰਾਂ ਲਈ
ਹੋਣਗੇ ਆਮ ਅੰਕੜੇ।
ਪਰ ਉਹ ਘਰ ਦੇ ਹਾਲਾਤਾਂ ਤੇ ਨਿਗਾਹ ਤਾਂ ਮਾਰੋ
ਰੋਂਦੇ ਵਿਲਕਦੇ ਵਿਖ ਜਾਣਗੇ ਛੋਟੇ ਬੱਚੇ
ਹਰ ਉਮੀਦ ਦੇ ਟੁੱਟਦੇ ਸੁਪਨੇ।
ਪਰ ਨਹੀਂ
ਤੁਹਾਨੂੰ ਤਾਂ ਆਉਂਦੇ ਨੇ ਸਿਰਫ਼
15 15 ਲੱਖ ਦੇ ਸੁਪਨੇ।
ਚਿੱਟੇ ਦਿਨ ਜਦ ਦਹਿਸ਼ਤ ਗਰਦੀ
ਚੱਪੇ ਚੱਪੇ ਦੇ ਸੰਨਾਟਾ ਲਿਆ ਕੇ ਰੱਖ ਦੇਂਦੀ।
ਤਰਕ ਦੀ ਜਗ੍ਹਾ ਸਿਰਫ਼ ਗਾਲ਼ੀ ਗਲੋਚ ਨਾਲ
ਤੇ ਗੋਲੀਆਂ ਨਾਲ ਉੱਤਰ ਦਿੱਤਾ ਜਾਂਦਾ।
ਇੱਕ ਹੱਸਦੇ ਖੇਡਦੇ ਪਰਵਾਰ ਨੂੰ
ਚੰਦ ਸਿੱਕਿਆਂ ਖ਼ਾਤਰ ਉਜਾੜ ਦਿੱਤਾ ਜਾਂਦਾ।
ਤਦ ਰੂਹ ਮੇਰੀ ਕੁਰਲਾਉਂਦੀ ਹੈ।
ਮੈਂ ਇਨਸਾਫ਼ ਦੀ ਮੰਗ ਦੁਹਰਾਉਂਦਾ ਹਾਂ

ਸਿੱਧੂ, ਐਸ ਮੰਗ ਲਈ ਹਕੂਮਤ ਤੋਂ ਟਕਰਾਉਂਦਾ ਹਾਂ।

ਪਰ ਦੇ ਦਿੱਤਾ ਜਾਂਦਾ ਹੈ ਮੈਨੂੰ

ਇੱਕ ਦਿਲਾਸਾ ਯਾ ਕਰੋ ਸਿਆਸਤੀ ਜੁਮਲਾ।

ਤਾਂ ਮੈਨੂੰ ਸਲੀਕੇ ਨਾਲ ਸੌਣ ਦਾ ਰਾਹ ਦੱਸੋ।

ਸੈਲਫ਼ਿਆਂ ਬਾਅਦ ਚ ਲੈ ਲੈਣਾ ਤੇ

ਰੀਲ ਵੀ ਰੁਕ ਕੇ ਬਣਾ ਲੈਣਾ।

ਮੁੱਦਾ ਰੋਜ਼ਗਾਰ ਦਾ ਗ਼ਾਇਬ ਹੈ

ਮੁੱਦਾ ਇਨਸਾਫ਼ ਦਾ ਗ਼ਾਇਬ ਹੈ। ਗ਼ੌਰ ਕਰੋ ਜ਼ਰਾ।

ਇਸ ਲਈ ਭਿਆਨਕ ਸੁਪਨੇ ਗਲ ਘੁੱਟਦੇ ਨੇ ਮੇਰਾ।

ਪਰ ਨਹੀਂ

ਤੁਹਾਨੂੰ ਤਾਂ ਆਉਂਦੇ ਨੇ ਰਾਤ ਭਰ

ਲਾਈਕਸ ਤੇ ਫਾਲੋਅਰਸ ਦੇ ਸੁਪਨੇ।

# ਭਿਆਨਕ ਸੁਪਣੇ ਗਲ ਘੁੱਟਦੇ ਨੇ ਮੇਰਾ। Part-2

ਲੰਮੀ ਵਾਟ ਤੇ ਤੁਰਦੀਆਂ,ਪੈਰਾਂ ਤੇ ਪਏ ਛਾਲਿਆਂ ਨੂੰ

ਵੇਖਦਾ ਇੱਕ ਮਜ਼ਦੂਰ।

ਲੋਚਦਾ ਹੈ ਖ਼ੁਦਕੁਸ਼ੀ ਨੂੰ, ਕਰਜ਼ੇ ਹੇਠ ਡੁੱਬ ਗਿਆ

ਕੋਈ ਪਰਵਾਰ।

ਵਧੀਆ ਸੁਪਨੇ ਕੀ ਹੁੰਦੇ ਨੇ?

ਅਮਨ ਸ਼ਾਂਤੀ ਦਾ ਮਾਹੌਲ ਹੋਵੇ।

ਉੱਚ ਨੀਚ ਖ਼ਤਮ ਹੋਵੇ

ਇਸਤਰੀ ਤੇ ਪੁਰਸ਼ ਨੂੰ

ਬਰਾਬਰ ਦੇ ਅਧਿਕਾਰ ਹੋਣ।

ਸਭ ਧਰਮਾਂ ਦਾ ਸਨਮਾਨ ਹੋਵੇ।

ਵਾਤਾਵਰਨ ਦੀ ਸੰਭਾਲ ਹੋਵੇ।

ਗੁਰਦੁਆਰੇ ਮਸਜਿਦ ਤੇ ਮੰਦਰ

ਬਣਾਉਣ ਤੋਂ ਪਹਿਲਾਂ

ਲੋਕ ਵਧੀਆ ਹਸਪਤਾਲ ਤੇ

ਉਚੇਰੀ ਵਿੱਦਿਆ ਦੀ ਗੱਲ ਕਰਨ

ਬਿਨਾ ਦਵੈਸ਼ ਵੈਰ ਦੇ ਸਭ ਮਿਲ ਕੇ ਰਹਿਣ

ਕਿਰਤ ਕਰਨ, ਨਾਮ ਜਪਣ ਤੇ ਖ਼ੁਸ਼ੀਆਂ ਵੰਡਣ।

ਆਪਾ ਕਿਉਂ ਨਹੀਂ ਲੜ ਦੇ ਇਹਨਾਂ

ਵਧੀਆ ਸੁਪਨਿਆਂ ਲਈ।

ਕਯਾ ਅਸੀਂ ਸੱਚੀ ਹੀ ਅਮਨ ਪਸੰਦ ਲੋਕ ਹਾਂ ?

ਪਰ ਆਪਾ ਤਾਂ ਲੜਦੇ ਆ, ਧਰਮ ਜ਼ਾਤ ਦੇ ਨਾ ਤੇ।

ਚੱਲਦੇ ਆ ਫਿਕਰੁਪ੍ਰਸਤ ਦੀ ਰਾਹ ਤੇ।

ਕਿਸੇ ਸੁੰਨਸਾਨ ਪਾਰਕ ਵਿੱਚ ਨਸ਼ੇ

ਵਿਚ ਧੁੱਤ ਨਜ਼ਰ ਆਉਂਦੇ ਹਾਂ।

ਵਡਿਆ ਦਾ ਆਦਰ

ਤੇ ਧੀਆਂ ਦਾ ਸਨਮਾਨ ਭੁੱਲ ਬੈਠੇ ਹਾਂ।

ਇਨਸਾਫ਼ ਦੀ ਗੱਲ ਤਾਂ ਸਿੱਧੂ ਕਿਤੇ ਪਰਾਂ ਸੁੱਟ ਮਾਰੀ।

ਖ਼ੁਦ ਦੇ ਵਜੂਦ ਲਈ ਵੀ ਅੱਗੇ ਨਹੀਂ ਆਉਂਦੇ ਹਾਂ।

ਇਹ ਅਸਲੀਅਤ ਹੈ ਕੋਈ ਮਜ਼ਾਕ ਨਹੀਂ।

ਕਵਿਤਾਵਾਂ ਨੂੰ ਸਜਾਵਟੀ ਕੱਪੜਿਆਂ ਨਾਲ

ਸਜਾਉਣ ਦੀ ਮੇਰੀ ਆਦਤ ਨਹੀਂ ।

ਕਿਉਂਕਿ ਇਨਕਲਾਬ ਤੇ ਇਨਕਲਾਬੀ

ਕਦੇ ਕਲਾਤਮਕ ਹੁੰਦੇ ਨਹੀਂ।

ਮੇਰੀ ਲਿਖੀ ਕਵਿਤਾ

ਸਹੀ ਸੋਚ ਤੇ ਉਚੇਰੇ ਸਿਦਕ

ਦੀ ਭਾਸ਼ਾ ਚ ਵੱਸਦੀ ਹੈ।

ਇਹ ਹਰ ਅਨਿਆਂ ਦੇ ਵਿਰੁੱਧ

ਆਵਾਜ਼ ਬੁਲੰਦ ਕਰਨ ਨੂੰ ਦੱਸਦੀ ਹੈ।

ਇਸ ਲਈ ਮੈਂ ਬੈਠਾ ਵਾਂ

ਵਧੀਆ ਸੁਪਨਿਆਂ ਦੀ ਉਡੀਕ ਵਿਚ।

ਪਰ ਗੱਲ ਉਹੀ ਹੈ ਵੀਰੇ

ਭਿਆਨਕ ਸੁਪਨੇ ਗਲ ਘੁੱਟਦੇ ਨੇ ਮੇਰਾ।

# ਲੁੱਕ-ਲੁੱਕ ਰੋਵਣ ਮਾਵਾਂ।

ਵਿੱਚ ਪੰਨਿਆ ਕਿਤਾਬਾਂ ਦੇ
ਜਦ ਮੈਂ ਲੱਭਦਾ ਹੋਵਾਂ ਸਿਰਨਾਵਾਂ
ਪਾਣੀ ਹਵਾ ਸਭ ਦੂਸ਼ਿਤ ਹੋ ਗਏ
ਸੁੱਕ ਗਈਆਂ ਰੁੱਖ ਦੀਆਂ ਟਾਹਣਾ।
ਸਹਿਮੇ-ਸਹਿਮੇ ਦਿਸਦੇ ਚਿਹਰੇ
ਜੂਹਾਂ ਜਾਗਦੀਆਂ ਕਰਨ ਦੁਆਵਾਂ ।
ਦਹਿਸ਼ਤ ਗਰਦੀ ਦਾ ਮਾਹੌਲ ਹੈ ਜਾਪੇ
ਥਰ-ਥਰ ਕੰਬਦੀਆਂ ਛਾਵਾਂ।
ਉਡੀਕ ਨੂੰ ਸਿੱਧੂ ਬੂਹਾ ਤੱਕਦੀਆਂ
ਲੁੱਕ-ਲੁੱਕ ਰੋਵਣ ਮਾਵਾਂ।
ਹੋਂਦ ਆਪਣੀ ਗੁਆ ਕੇ ਰਹਿ ਗਏ
ਨਸ਼ਾ ਖਾ ਗਿਆ ਗੁਰਮਤਿ ਦੀਆਂ ਪਾਵਾਂ।
ਸੁਣੋ ਪੰਜਾਬ ਲਈ ਸੋਚਣ ਵਾਲਿਓ
ਡੇਰਾ ਪਾ ਲਿਆ ਜੁੰਡਲੀਆਂ ਕਾਂਵਾਂ।
ਇਸ ਭਿਆਨਕ ਦੌਰ ਦੇ ਅੰਦਰ
ਕਿੰਞ ਮੈਂ ਰੰਗਲਾ ਪੰਜਾਬ ਕਹਾਵਾਂ?

**SPECIAL -**

**ਸ਼ੁਭਦੀਪ ਸਿੰਘ ਸਿੱਧੂ, ਜਿਨ੍ਹਾਂ ਨੂੰ ਸਿੱਧੂ ਮੂਸੇਵਾਲਾ ਦੇ ਨਾਂਅ ਨਾਲ ਸੰਬੋਧਿਤ ਕਰਿਆ ਜਾਂਦਾ ,ਓਹਨਾਂ ਦੀ ਗਿਣਤੀ ਓਹਨਾਂ ਚੁਨਿੰਦਾ ਗੀਤਕਾਰਾਂ ਵਿਚ ਹੁੰਦੀ ਰਹਿਣੀ ਜਿਨ੍ਹਾਂ ਨੇ ਸਮਾਜ ਦੇ ਹਰ ਵਰਗ ਨੂੰ ਓਹਦਾ ਮੌਜੂਦਾ ਅਕਸ ਵਿਖਾਇਆ ਤੇ ਬਦਲਾਅ ਲੈਕੇ ਆਉਣ ਦੀ ਕੋਸ਼ਿਸ਼ ਕੀਤੀ।**

ਇਹ ਵੀ ਉਸ ਗਾਇਕ ਦੀ ਹਿੰਮਤ ਸੀ ਜੋ ਉਹਨੇ ਆਪਣੇ ਪੱਧਰ ਤੋਂ ਉੱਪਰ ਉੱਠ ਕੇ ਆਪਣੇ ਗੀਤਾਂ ਰਾਹੀਂ ਲੋਕ ਜਾਗਰੂਕ ਕੀਤੇ।

ਕੁੱਝ ਲੋਕ ਹਾਲੇ ਵੀ ਓਹਨੂੰ ਬੁਰਾ ਮੰਨਦੇ ਤੇ ਮੰਨਦੇ ਰਹਿਣਗੇ।

ਪਰ ਸੱਚ ਕਹਾਂ, ਉਹ ਸਾਰੇ ਲੋਕ ਕਾਇਰ ਨੇ ਜਿਨ੍ਹਾਂ ਕੋਲ ਸਮਾਜ ਵਿਚ ਲੁਕੇ ਹੋਏ ਅਨਾਚਾਰ ਖ਼ਿਲਾਫ਼ ਬੋਲਣ ਦਾ ਤੇ ਬਦਲਾਅ ਲੈਕੇ ਆਉਣ ਦਾ ਸਾਹਸ ਨਹੀਂ ਹੈ।

**SPECIAL THANKS TO GUMNAAM**

ਹਕੂਮਤਾਂ ਦੇਣ ਮਤ ਸਾਨੂੰ
ਹਿਸਾਬ ਨਾਲ ਚੱਲਣ ਦਾ
ਤੇ ਅੱਖਾਂ ਮੀਚ ਕੇ ਮੁਰਦਾ ਰਹਿਣ ਦਾ।
ਤਾਹੀਓਂ ਤਖ਼ਤੋਂ ਡੇਗ ਕੇ
ਜਿਮੀਂ ਤੇ ਲਾਏ ਹੋਏ ਹਾਂ ਅਸਾਂ।
ਪਰ ਵਕਤ ਆ ਗਿਆ
ਹਰ ਸਵਾਲ ਦਾ ਤਰਕ ਦੇਣ ਲਈ
ਹੋਣਾ ਚਾਹੀਦਾ ਵਾਂ ਜੀਵਤ ਮਿਜ਼ਾਜ
ਲਹੂ ਸਾਡੇ ਅੰਦਰ।
ਅੱਜ ਸੁੱਤੀ ਕੌਮ ਨੂੰ ਅਸਾਂ ਜਗ੍ਹਾ ਦੇਣਾ।
ਕਵਿਤਾ ਰਾਹੀਂ ਇਜਲਾਸ ਵੀ ਬੋਲਣਗੇ ਸਾਡੇ।
ਕਰ ਹੌਸਲਾ ਵਿਚ ਮਦਾਨ ਆਵੋ,
ਮੰਗ ਇਨਸਾਫ਼ ਦੀ ਨੂੰ ਉਠਾਉਣ ਸਬੇ।
ਇਹ ਬੱਦਲੀ ਅੰਬਰ ਆਪਣੀ ਸੋਚ ਰਾਹੀ
ਸਿੱਧੂ ਵੇਖੀ ਆਪਾ ਰੁਸ਼ਨਾ ਦੇਣਾ।

We will continue the saga...
Vol 2

**(To Be Continued in Part)**

ਅਗਲੇ ਭਾਗ ਵਿੱਚ ਜਾਰੀ ਰੱਖਣ ਲਈ

\- **ਹਿਤੇਸ਼ ਕੁਮਾਰ ਮੁਟਰੇਜਾ**